# ਹਾਈ ਸਟੈਂਡਰਡ ਨਿਊਜ਼

HIGH STANDARD NEWS

HIGHSTANDARDNEWS

Date 20.05.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | May-2024 | Published in Punjab | Pages 8


## 5ਵੇਂ ਪੜਾਅ ਲਈ ਅੱਜ ਪੈਣਗੀਆਂ ਵੋਟਾਂ, ਰਾਹੁਲ, ਸਮ੍ਰਿਤੀ ਸਮੇਤ ਕਈ ਦਿੱਗਜ ਅਜਮਾ ਰਹੇ ਕਿਸਮਤ



ਲੋਕ ਸਭਾ ਚੋਣਾਂ ਹੁਣ ਲੱਗਭਗ ਆਪਣੇ ਆਖਰੀ ਪੜਾਅ ’ਤੇ ਹਨ। ਚਾਰ ਪੜਾਵਾਂ ਲਈ ਵੋਟਿੰਗ ਹੋ ਚੁੱਕੀ ਹੈ ਅਤੇ ਤਿੰਨ ਪੜਾਅ ਬਾਕੀ ਹਨ। ਲੋਕ ਸਭਾ ਦੀਆਂ ਚੋਣਾਂ ਦੇ ਪੰਜਵੇਂ ਪੜਾਅ ਲਈ ਵੋਟਾਂ ਅੱਜ ਯਾਨੀ ਕਿ 20 ਮਈ ਨੂੰ ਪੈਣਗੀਆਂ। ਵੋਟਿੰਗ ਦੌਰਾਨ ਵੋਟਰ 6 ਸੂਬਿਆਂ-ਉੱਤਰ ਪ੍ਰਦੇਸ਼, ਬਿਹਾਰ, ਪੱਛਮੀ ਬੰਗਾਲ, ਮਹਾਰਾਸ਼ਟਰ, ਓਡੀਸ਼ਾ, ਝਾਰਖੰਡ ਅਤੇ 2 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਜੰਮੂ-ਕਸ਼ਮੀਰ ਤੇ ਲੱਦਾਖ ਦੇ ਕੁੱਲ 49 ਸੀਟਾਂ ’ਤੇ ਵੋਟਾਂ ਪੈਣਗੀਆਂ। ਜਿਨ੍ਹਾਂ ਸੀਟਾਂ ’ਤੇ ਵੋਟਿੰਗ ਹੋ ਰਹੀ ਹੈ, ਉਨ੍ਹਾਂ ’ਚ ਉੱਤਰ ਪ੍ਰਦੇਸ਼ ਦੀਆਂ 14, ਮਹਾਰਾਸ਼ਟਰ ਦੀਆਂ 13, ਪੱਛਮੀ ਬੰਗਾਲ ਦੀਆਂ 7 ਅਤੇ ਬਿਹਾਰ ਤੇ ਓਡਿਸ਼ਾ ਦੀਆਂ 5-5 ਸੀਟਾਂ ਸ਼ਾਮਲ ਹਨ। ਇਸ ਤੋਂ ਇਲਾਵਾ ਇਸੇ ਪੜਾਅ ’ਚ ਝਾਰਖੰਡ ਦੀਆਂ 3 ਤੇ ਜੰਮੂ-ਕਸ਼ਮੀਰ ਤੇ ਲੱਦਾਖ ਦੀ 1-1 ਸੀਟ ’ਤੇ ਵੀ ਵੋਟਿੰਗ ਹੋਣੀ ਹੈ। ਦੱਸ ਦੇਈਏ ਕਿ ਪੰਜਵੇਂ ਪੜਾਅ ਦੀ ਵੋਟਿੰਗ ਪੂਰੀ ਹੁੰਦੇ ਹੀ ਦੇਸ਼ ਦੀਆਂ 543 ਲੋਕ ਸਭਾ ਸੀਟਾਂ 'ਚੋਂ 428 'ਤੇ ਵੋਟਿੰਗ ਪੂਰੀ ਹੋ ਜਾਵੇਗੀ। ਜਿਨ੍ਹਾਂ ਉਮੀਦਵਾਰਾਂ ਦੀ ਕਿਸਮਤ ਦਾਅ ’ਤੇ ਲੱਗੀ ਹੋਈ ਹੈ, ਉਨ੍ਹਾਂ ’ਚ ਰੱਖਿਆ ਮੰਤਰੀ ਰਾਜਨਾਥ ਸਿੰਘ, ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ, ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਤੇ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਸਮੇਤ ਕਈ ਹਾਈ-ਪ੍ਰੋਫਾਈਲ ਚਿਹਰੇ ਸ਼ਾਮਲ ਹਨ। ਜਿਨ੍ਹਾਂ ਸੀਟਾਂ 'ਤੇ ਪੰਜਵੇਂ ਪੜਾਅ ’ਚ ਵੋਟਿੰਗ ਹੋਣੀ ਹੈ, ਉਥੇ 2019 ’ਚ ਕੁੱਲ 62.01 ਫੀਸਦੀ ਵੋਟਿੰਗ ਦਰਜ ਕੀਤੀ ਗਈ ਸੀ। ਪੱਛਮੀ ਬੰਗਾਲ ’ਚ ਸਭ ਤੋਂ ਵੱਧ 80.13 ਫੀਸਦੀ ਵੋਟਿੰਗ ਹੋਈ ਸੀ। ਜੰਮੂ-ਕਸ਼ਮੀਰ 34.6 ਫੀਸਦੀ ਵੋਟਿੰਗ ਨਾਲ ਸੂਚੀ ’ਚ ਸਭ ਤੋਂ ਹੇਠਲੇ ਨੰਬਰ ’ਤੇ ਰਿਹਾ ਸੀ।

ਜਿਨ੍ਹਾਂ ਉਮੀਦਵਾਰਾਂ ਦੀ ਕਿਸਮਤ ਦਾਅ ’ਤੇ ਲੱਗੀ ਹੋਈ ਹੈ, ਉਨ੍ਹਾਂ ’ਚ ਰੱਖਿਆ ਮੰਤਰੀ ਰਾਜਨਾਥ ਸਿੰਘ, ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ, ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਤੇ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਸਮੇਤ ਕਈ ਹਾਈ-ਪ੍ਰੋਫਾਈਲ ਚਿਹਰੇ ਸ਼ਾਮਲ ਹਨ। ਜਿਨ੍ਹਾਂ ਸੀਟਾਂ 'ਤੇ ਪੰਜਵੇਂ ਪੜਾਅ ’ਚ ਵੋਟਿੰਗ ਹੋਣੀ ਹੈ, ਉਥੇ 2019 ’ਚ ਕੁੱਲ 62.01 ਫੀਸਦੀ ਵੋਟਿੰਗ ਦਰਜ ਕੀਤੀ ਗਈ ਸੀ। ਪੱਛਮੀ ਬੰਗਾਲ ’ਚ ਸਭ ਤੋਂ ਵੱਧ 80.13 ਫੀਸਦੀ ਵੋਟਿੰਗ ਹੋਈ ਸੀ। ਜੰਮੂ-ਕਸ਼ਮੀਰ 34.6 ਫੀਸਦੀ ਵੋਟਿੰਗ ਨਾਲ ਸੂਚੀ ’ਚ ਸਭ ਤੋਂ ਹੇਠਲੇ ਨੰਬਰ ’ਤੇ ਰਿਹਾ ਸੀ।



## ਗਰਮੀ ਕਾਰਨ 8ਵੀਂ ਤੱਕ ਦੇ ਸਾਰੇ ਸਕੂਲ ਅਗਲੇ ਹੁਕਮਾਂ ਤੱਕ ਹੋਏ ਬੰਦ

ਉੱਤਰ ਪ੍ਰਦੇਸ਼ ਦੇ ਗੌਤਮਬੁੱਧ ਨਗਰ ਜ਼ਿਲ੍ਹਾ ਪ੍ਰਸ਼ਾਸਨ ਨੇ ਰਾਸ਼ਟਰੀ ਰਾਜਧਾਨੀ ਖੇਤਰ (ਐੱਨ.ਸੀ.ਆਰ.) 'ਚ ਭਿਆਨਕ ਗਰਮੀ ਅਤੇ ਲੂ ਦੇ ਮੱਦੇਨਜ਼ਰ 8ਵੀਂ ਜਮਾਤ ਤੱਕ ਕਲਾਸਾਂ ਲਈ ਸੋਮਵਾਰ ਤੋਂ ਗਰਮੀਆਂ ਦੀਆਂ ਛੁੱਟੀਆਂ ਦਾ ਐਲਾਨ ਕੀਤਾ ਹੈ। ਗੌਤਮਬੁੱਧ ਨਗਰ ਜਦੇ ਜ਼ਿਲ੍ਹਾ ਬੇਸਿਕ ਸਿੱਖਿਆ ਅਧਿਕਾਰੀ ਰਾਹੁਲ ਪੰਵਾਰ ਨੇ ਦੱਸਿਆ ਕਿ ਭਿਆਨਕ ਗਰਮੀ ਅਤੇ ਲੂ ਕਾਰਨ ਜ਼ਿਲ੍ਹਾ ਪ੍ਰਸ਼ਾਸਨ ਨੇ 20 ਮਈ ਤੋਂ ਜ਼ਿਲ੍ਹੇ ਦੇ ਸਾਰੇ ਸਕੂਲਾਂ 'ਚ ਗਰਮੀਆਂ ਦੀਆਂ ਛੁੱਟੀਆਂ ਦਾ ਐਲਾਨ ਕਰਨ ਦਾ ਨਿਰਦੇਸ਼ ਦਿੱਤਾ। ਸਕੂਲ 20 ਮਈ ਤੋਂ ਅਗਲੇ ਆਦੇਸ਼ਾਂ ਤੱਕ ਬੰਦ ਰਹਿਣਗੇ। ਉਨ੍ਹਾਂ ਦੱਸਿਆ ਕਿ ਨਰਸਰੀ ਜਮਾਤ ਤੋਂ 8ਵੀਂ ਜਮਾਤ ਤੱਕ ਸਕੂਲ ਇਸ ਦੌਰਾਨ ਬੰਦ ਰਹਿਣਗੇ। ਉਨ੍ਹਾਂ ਕਿਹਾ ਕਿ ਆਦੇਸ਼ ਦੀ ਪਾਲਣਾ ਨਹੀਂ ਕਰਨ ਵਾਲੇ ਸਕੂਲ ਸੰਚਾਲਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਫਲਾਈਓਵਰ ਤੋਂ ਹੇਠਾਂ ਡਿੱਗੀ ਯਾਤਰੀਆਂ ਨਾਲ ਭਰੀ ਬੱਸ



ਉੱਤਰ ਪ੍ਰਦੇਸ਼ ਦੇ ਬਰੇਲੀ ਜ਼ਿਲ੍ਹੇ 'ਚ ਸੋਮਵਾਰ ਤੜਕੇ ਵੱਡਾ ਹਾਦਸਾ ਵਾਪਰ ਗਿਆ। ਇੱਥੇ ਯਾਤਰੀਆਂ ਨਾਲ ਭਰੀ ਇਕ ਬੱਸ ਫਲਾਈਓਵਰ ਤੋਂ ਹੇਠਾਂ ਡਿੱਗ ਜਾਣ ਨਾਲ ਇਕ ਯਾਤਰੀ ਦੀ ਮੌਤ ਹੋ ਗਈ ਅਤੇ 40 ਹੋਰ ਲੋਕ ਜ਼ਖ਼ਮੀ ਹੋ ਗਏ। ਬਰੇਲੀ ਦੇ ਜ਼ਿਲ੍ਹਾ ਅਧਿਕਾਰੀ ਰਵਿੰਦਰ ਕੁਮਾਰ ਨੇ ਜ਼ਖ਼ਮੀਆਂ ਦਾ ਹਾਲ-ਚਾਲ ਜਾਣਨ ਲਈ ਬਰੇਲੀ ਦੇ ਹਸਪਤਾਲਾਂ ਦਾ ਦੌਰਾ ਕੀਤਾ। ਜ਼ਿਲ੍ਹਾ ਅਧਿਕਾਰੀ ਨੇ ਦੱਸਿਆ ਕਿ ਸੋਮਵਾਰ ਤੜਕੇ ਕਰੀਬ ਸਾਢੇ ਤਿੰਨ ਵਜੇ ਇਕ ਬੱਸ ਫਤਿਹਗੰਜ ਥਾਣਾ ਖੇਤਰ ਵਿਚ ਇਕ ਫਲਾਈਓਵਰ ਤੋਂ ਹੇਠਾਂ ਡਿੱਗ ਗਈ। ਬੱਸ ਦਿੱਲੀ ਤੋਂ ਸਵਾਰੀਆਂ ਲੈ ਕੇ ਬਰੇਲੀ ਆ ਰਹੀ ਸੀ। ਅਧਿਕਾਰੀ ਨੇ ਦੱਸਿਆ ਕਿ ਬੱਸ ਬੇਕਾਬੂ ਹੋ ਕੇ ਫਤਿਹਗੰਜ ਥਾਣਾ ਖੇਤਰ ਦੇ ਇਕ ਫਲਾਈਓਵਰ ਤੋਂ ਡਿੱਗ ਗਈ, ਜਿਸ ਕਾਰਨ ਇਕ ਯਾਤਰੀ ਦੀ ਮੌਤ ਹੋ ਗਈ ਅਤੇ ਕਰੀਬ ਦੋ ਦਰਜਨ ਯਾਤਰੀ ਜ਼ਖ਼ਮੀ ਹੋ ਗਏ।ਰਵਿੰਦਰ ਕੁਮਾਰ ਮੁਤਾਬਕ ਮ੍ਰਿਤਕ ਦੀ ਪਛਾਣ ਮੇਰਠ ਵਾਸੀ ਪ੍ਰੇਮ ਕਿਸ਼ਨ (40) ਦੇ ਰੂਪ ਵਿਚ ਹੋਈ ਹੈ। ਫਿਲਹਾਲ ਜ਼ਖ਼ਮੀਆਂ ਨੂੰ ਬਰੇਲੀ ਦੇ ਵੱਖ-ਵੱਖ ਹਸਪਤਾਲਾਂ ਵਿਚ ਭਰਤੀ ਕਰਵਾਇਆ ਗਿਆ ਹੈ। ਇਨ੍ਹਾਂ ਵਿਚ 4 ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।



## ਗਰਮੀ ਕਾਰਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਕਿਸਾਨਾਂ ਨੂੰ ਝੋਨੇ ਦੀ ਲਵਾਈ ਲੇਟ ਸ਼ੁਰੂ ਕਰਨ ਦੀ ਦਿੱਤੀ ਸਲਾਹ

ਪੰਜਾਬ 'ਚ 11 ਅਤੇ 15 ਜੂਨ ਤੋਂ ਝੋਨੇ ਦੀ ਅਧਿਕਾਰਤ ਤੌਰ 'ਤੇ ਲਵਾਈ ਸ਼ੁਰੂ ਹੋ ਜਾਵੇਗੀ ਪਰ ਪੰਜਾਬ ਵਿਚ ਏਨੀ ਦਿਨੀ ਪੈ ਰਹੀ ਅੱਤ ਦੀ ਗਰਮੀ ਕਾਰਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਸਲਾਹ ਦਿੱਤੀ ਹੈ ਕਿ ਕਿਸਾਨਾਂ ਵੱਲੋਂ ਝੋਨਾ ਜਿੰਨਾਂ ਵੀ ਲੇਟ ਲਗਾਇਆ ਜਾ ਸਕਦਾ ਹੈ, ਉਨ੍ਹਾਂ ਹੀ ਲੇਟ ਲਗਾਉਣ, ਕਿਉਂਕਿ ਅੱਤ ਦੀ ਗਰਮੀ 'ਚ ਲਗਾਇਆ ਝੋਨਾ ਧੁੱਪ ਦੀ ਤੇਜ਼ ਤਪਸ਼ ਨਾਲ ਝੁਲਸ ਜਾਂਦਾ ਹੈ ਅਤੇ ਕਿਸਾਨ ਦਾ ਵਿੱਤੀ ਨੁਕਸਾਨ ਵੀ ਹੁੰਦਾ ਹੈ।ਖੇਤੀਬਾੜੀ ਵਿਭਾਗ ਅਨੁਸਾਰ ਇਸ ਸਮੇਂ ਪੈ ਰਹੀ ਅੱਤ ਦੀ ਗਰਮੀ ਦੇ ਮੱਦੇਨਜ਼ਰ ਪੰਜਾਬ 'ਚ ਝੋਨੇ ਦੀ ਫ਼ਸਲ ਵਿਚ ਪਾਣੀ ਦੀ ਸੰਕੋਚਵੀਂ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਹੋ ਸਕੇ ਤਾਂ ਮੌਨਸੂਨ ਦੀ ਪਹਿਲੀ ਵਰਖਾ ਨਾਲ ਹਵਾ ਵਿਚ ਨਮੀ ਵੱਧ ਅਤੇ ਤਾਪਮਾਨ ਘੱਟ ਹੋਣ 'ਤੇ ਹੀ ਝੋਨੇ ਦੀ ਲਵਾਈ ਸ਼ੁਰੂ ਕੀਤੀ ਜਾਵੇ। 2009 ਵਿਚ ਅਗੇਤੇ ਝੋਨੇ ਦੀ ਲਵਾਈ 'ਤੇ ਲੱਗੀ ਰੋਕ ਕਾਰਨ ਸ਼ੁਰੂ 'ਚ ਕੁਝ ਮੁਸ਼ਕਲਾਂ ਦਾ ਸਾਹਮਣਾ ਤਾਂ ਕਰਨਾ ਪਿਆ ਪਰ ਪੰਜਾਬ ਨੂੰ ਇਸ ਦਾ ਵੱਡੀ ਪੱਧਰ 'ਤੇ ਫ਼ਾਇਦਾ ਹੋਇਆ ਹੈ। ਇਸ ਨਾਲ ਜਿੱਥੇ ਜ਼ਮੀਨ ਹੇਠਲੇ ਪਾਣੀ ਦੇ ਹੇਠਾਂ ਜਾਣ ਦੀ ਰਫ਼ਤਾਰ ਘੱਟ ਕਰਨ ਵਿਚ ਮਦਦ ਮਿਲੀ, ਉੱਥੇ ਕੀੜੇ ਮਕੌੜਿਆ ਖ਼ਾਸ ਕਰ ਕੇ ਤਣੇ ਦੇ ਗੜੂੰਏਂ ਦਾ ਹਮਲਾ ਬਹੁਤ ਘੱਟ ਹੋਣ ਕਾਰਨ ਕੀਟਨਾਸ਼ਕ ਦੀ ਖਪਤ ਘੱਟ ਕਰਨ ਵਿਚ ਵੀ ਮਦਦ ਮਿਲੀ ਹੈ।

ਵਰਣਨਯੋਗ ਹੈ ਕਿ ਇਸ ਸਾਲ ਕਿਸਾਨਾਂ ਦੀਆਂ ਕੁਝ ਮੁਸ਼ਕਲਾਂ ਨੂੰ ਮੁੱਖ ਰੱਖਦਿਆਂ ਝੋਨੇ ਦੀ ਲਵਾਈ ਦੀ ਮਿਤੀ 11 ਅਤੇ 15 ਜੂਨ ਕੀਤੀ ਗਈ ਹੈ। ਬਹੁਤਾਤ ਕਿਸਾਨਾਂ ਵੱਲੋਂ ਪੀ. ਆਰ 126 ਅਤੇ 131 ਕਿਸਮਾਂ ਦੀ ਕਾਸ਼ਤ ਕੀਤੀ ਜਾਣੀ ਹੈ, ਜਿਸ ਦੀ ਪਨੀਰੀ 20 ਮਈ ਤੋਂ ਬਾਅਦ ਕਿਸਾਨਾਂ ਵੱਲੋਂ ਕੀਤੀ ਜਾਣੀ ਹੈ। ਕਿਸਾਨਾਂ ਨੂੰ ਬਹੁਤ ਚੰਗੀ ਤਰ੍ਹਾਂ ਸਮਝ ਆ ਗਈ ਹੈ ਕਿ ਦੇਖਾ ਦੇਖੀ ਅਗੇਤਾ ਝੋਨਾ ਲਾਉਣ ਦੀ ਬਿਜਾਏ ਹਰੇਕ ਕਿਸਾਨ ਆਪਣੇ ਆਪ ਨੂੰ ਸੁਧਾਰ ਲਵੇ ਤਾਂ ਸਾਰਾ ਪੰਜਾਬ ਸੁਧਰ ਜਾਵੇਗਾ। ਅਜੇ ਵੀ ਕੁਝ ਕਿਸਾਨ ਇਹ ਗੱਲ ਸਮਝਣ ਲਈ ਤਿਆਰ ਨਹੀਂ ਹਨ ,ਪਰ ਉਨ੍ਹਾਂ ਨੂੰ ਇਹ ਗੱਲ ਯਾਦ ਰੱਖਣੀ ਪਵੇਗੀ ਕਿ 20 ਸਾਲ ਪਹਿਲਾਂ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਕਿੱਥੇ ਸੀ ਤੇ ਅਗਲੇ 10 ਸਾਲਾ ਬਾਅਦ ਪੰਜਾਬ ਵਿੱਚ ਜ਼ਮੀਨ ਹੇਠਲੇ ਪਾਣੀ ਪੱਧਰ ਕਿੱਥੇ ਹੋਵੇਗਾ। ਵਰਣਨਯੋਗ ਹੈ ਕਿ ਪੰਜਾਬ 'ਚ ਤਕਰੀਬਨ 14 ਲੱਖ ਟਿਊਬਵੈੱਲ ਜ਼ਮੀਨ ਹੇਠੋਂ ਪਾਣੀ ਕੱਢ ਰਿਹਾ ਹੈ। ਕੀਤੇ ਤਜ਼ਰਬਿਆਂ ਤੋਂ ਇਹ ਪਤਾ ਲੱਗਾ ਹੈ ਕਿ ਤਿੰਨ ਇੰਚ ਨਿਕਾਸੀ ਪਾਈਪ ਰਾਹੀਂ ਪੰਜ ਹਾਰਸ ਪਾਵਰ ਦੀ ਮੋਟਰ ਨਾਲ ਇਕ ਹੈਕਟੇਅਰ ਝੋਨਾ ਪਾਲਣ ਲਈ ਤਕਰੀਬਨ 157 ਲੱਖ ਲੀਟਰ ਜ਼ਮੀਨ ਹੇਠਲਾ ਪਾਣੀ ਚਾਹੀਦਾ ਹੈ। ਤੁਸੀਂ ਆਪ ਹੀ ਹਿਸਾਬ ਲਾ ਸਕਦੇ ਹੋ ਕਿ ਸਮੁੱਚੇ ਪੰਜਾਬ 'ਚ ਤਕਰੀਬਨ 28 ਲੱਖ ਹੈੱਕਟੇਅਰ ਰਕਬੇ ਲਈ ਕਿੰਨਾ ਪਾਣੀ ਜ਼ਮੀਨ ਹੇਠੋਂ ਕੱਢ ਲਿਆ ਜਾਵੇਗਾ ਅਤੇ ਉਸ ਹਿਸਾਬ ਨਾਲ ਬਾਰਿਸ਼ਾਂ ਨਾਲ ਪਾਣੀ ਜ਼ਮੀਨ ਹੇਠਾਂ ਨਹੀਂ ਜਾ ਸਕੇਗਾ।

## ਪ੍ਰਸ਼ਾਸਨ ਨੇ ਮੈਡੀਕਲ ਕਾਲਜ ਦੇ 125 ਡਾਕਟਰਾਂ ਦੀਆਂ ਡਿਊਟੀਆਂ ਰੱਦ




ਇਸ ਤੋਂ ਇਲਾਵਾ ਕਾਲਜ ਦੇ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਸੀ ਕਿ ਜੇਕਰ ਇੰਨੇ ਵੱਡੇ ਤਾਦਾਦ ਵਿਚ ਡਾਕਟਰਾਂ ਦੀਆਂ ਡਿਊਟੀਆਂ ਚੋਣਾਂ ਵਿਚ ਲੱਗ ਜਾਣਗੀਆਂ ਤਾਂ ਸਿਹਤ ਸੇਵਾਵਾਂ ਪ੍ਰਭਾਵਿਤ ਹੋ ਸਕਦੀਆਂ ਹਨ। ਇਸ ਤੋਂ ਬਾਅਦ ਪ੍ਰਸ਼ਾਸਨ ਨੇ ਹਰਕਤ ਵਿਚ ਆਉਂਦਿਆਂ ਤੁਰੰਤ ਸਬੰਧਤ ਅਧਿਕਾਰੀਆਂ ਨੂੰ ਡਾਕਟਰਾਂ ਦੀਆਂ ਡਿਊਟੀਆਂ ਰੱਦ ਕਰਨ ਦੇ ਦਿਸ਼ਾ ਨਿਰਦੇਸ਼ ਜਾਰੀ ਕਰ ਦਿੱਤੇ। ਜਗ ਬਾਣੀ ਵੱਲੋਂ ਵੀ ਡਾਕਟਰਾਂ ਦੀਆਂ ਡਿਊਟੀਆਂ ਲਗਾਉਣ ਸਬੰਧੀ ਖ਼ਬਰ ਪ੍ਰਕਾਸ਼ਿਤ ਕੀਤੀ ਗਈ ਸੀ ਪਰ ਦੂਸਰੇ ਪਾਸੇ ਪ੍ਰਸ਼ਾਸਨ ਵੱਲੋਂ ਅਜੇ ਵੀ 250 ਦੇ ਕਰੀਬ ਸਿਹਤ ਵਿਭਾਗ ਦੇ ਮੁਲਾਜ਼ਮਾਂ ਦੀਆਂ ਡਿਊਟੀਆਂ ਨਹੀਂ ਕੱਟੀਆਂ ਗਈਆਂ ਹਨ। ਇਨ੍ਹਾਂ ਡਿਊਟੀਆਂ ਵਿਚ ਡਾਕਟਰ ਅਤੇ ਵੱਖ-ਵੱਖ ਮੁਲਾਜ਼ਮ ਕੈਟਾਗਰੀ ਸ਼ਾਮਿਲ ਹੈ। ਜ਼ਿਲ੍ਹਾ ਪ੍ਰਸ਼ਾਸਨ ਵਲੋਂ ਲੋਕ ਸਭਾ ਚੋਣਾਂ ਦੌਰਾਨ ਸਰਕਾਰੀ ਮੈਡੀਕਲ ਕਾਲਜ ਅਧੀਨ ਚੱਲਣ ਵਾਲੇ ਸਰਕਾਰੀ ਹਸਪਤਾਲਾਂ ਦੇ 125 ਡਾਕਟਰਾਂ ਦੀਆਂ ਲਗਾਈਆਂ ਗਈਆਂ ਡਿਊਟੀਆਂ ਰੱਦ ਕਰ ਦਿੱਤੀਆਂ ਹਨ। ਪ੍ਰਸ਼ਾਸਨ ਨੇ ਇਸ ਸਬੰਧੀ ਸਬੰਧਤ ਅਧਿਕਾਰੀਆਂ ਨੂੰ ਲਿਖਤੀ ਪੱਤਰ ਵੀ ਜਾਰੀ ਕਰ ਦਿੱਤੇ ਹਨ ਪਰ ਦੂਸਰੇ ਪਾਸੇ ਪ੍ਰਸ਼ਾਸਨ ਵੱਲੋਂ ਸਿਹਤ ਵਿਭਾਗ ਦੇ 250 ਦੇ ਕਰੀਬ ਮੁਲਾਜ਼ਮਾਂ ਦੀਆਂ ਡਿਊਟੀਆਂ ਅਜੇ ਵੀ ਰੱਦ ਨਹੀਂ ਕੀਤੀਆਂ ਗਈਆਂ ਹਨ।

ਜਾਣਕਾਰੀ ਅਨੁਸਾਰ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਰਕਾਰੀ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਡਾਇਰੈਕਟਰ ਡਾਕਟਰ ਰਾਜੀਵ ਦੇਵਗਨ ਸਮੇਤ 125 ਡਾਕਟਰਾਂ ਦੀਆਂ ਚੋਣਾਂ ਵਿਚ ਡਿਊਟੀਆਂ ਲਗਾ ਦਿੱਤੀਆਂ ਗਈਆਂ ਸਨ। ਕਾਲਜ ਪ੍ਰਸ਼ਾਸਨ ਨੇ ਮੁੱਖ ਚੋਣ ਕਮਿਸ਼ਨ ਦੀਆਂ ਹਦਾਇਤਾਂ ਬਾਰੇ ਜਾਣੂ ਕਰਵਾਉਂਦਿਆਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਡਿਊਟੀਆਂ ਰੱਦ ਕਰਨ ਦੀ ਅਪੀਲ ਕੀਤੀ ਸੀ। ਇਸ ਤੋਂ ਇਲਾਵਾ ਕਾਲਜ ਦੇ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਸੀ ਕਿ ਜੇਕਰ ਇੰਨੇ ਵੱਡੇ ਤਾਦਾਦ ਵਿਚ ਡਾਕਟਰਾਂ ਦੀਆਂ ਡਿਊਟੀਆਂ ਚੋਣਾਂ ਵਿਚ ਲੱਗ ਜਾਣਗੀਆਂ ਤਾਂ ਸਿਹਤ ਸੇਵਾਵਾਂ ਪ੍ਰਭਾਵਿਤ ਹੋ ਸਕਦੀਆਂ ਹਨ। ਇਸ ਤੋਂ ਬਾਅਦ ਪ੍ਰਸ਼ਾਸਨ ਨੇ ਹਰਕਤ ਵਿਚ ਆਉਂਦਿਆਂ ਤੁਰੰਤ ਸਬੰਧਤ ਅਧਿਕਾਰੀਆਂ ਨੂੰ ਡਾਕਟਰਾਂ ਦੀਆਂ ਡਿਊਟੀਆਂ ਰੱਦ ਕਰਨ ਦੇ ਦਿਸ਼ਾ ਨਿਰਦੇਸ਼ ਜਾਰੀ ਕਰ ਦਿੱਤੇ। ਜਗ ਬਾਣੀ ਵੱਲੋਂ ਵੀ ਡਾਕਟਰਾਂ ਦੀਆਂ ਡਿਊਟੀਆਂ ਲਗਾਉਣ ਸਬੰਧੀ ਖ਼ਬਰ ਪ੍ਰਕਾਸ਼ਿਤ ਕੀਤੀ ਗਈ ਸੀ ਪਰ ਦੂਸਰੇ ਪਾਸੇ ਪ੍ਰਸ਼ਾਸਨ ਵੱਲੋਂ ਅਜੇ ਵੀ 250 ਦੇ ਕਰੀਬ ਸਿਹਤ ਵਿਭਾਗ ਦੇ ਮੁਲਾਜ਼ਮਾਂ ਦੀਆਂ ਡਿਊਟੀਆਂ ਨਹੀਂ ਕੱਟੀਆਂ ਗਈਆਂ ਹਨ। ਇਨ੍ਹਾਂ ਡਿਊਟੀਆਂ ਵਿਚ ਡਾਕਟਰ ਅਤੇ ਵੱਖ-ਵੱਖ ਮੁਲਾਜ਼ਮ ਕੈਟਾਗਰੀ ਸ਼ਾਮਿਲ ਹੈ।

## ਦਿੱਗਜ ਨੇਤਾ ਹਰਮੋਹਨ ਧਵਨ ਦਾ ਬੇਟਾ ਪਾਰਟੀ ਛੱਡ ਕੇ ਅੱਜ ਭਾਜਪਾ 'ਚ ਹੋਵੇਗਾ ਸ਼ਾਮਲ

ਚੰਡੀਗੜ੍ਹ ਦੇ ਮਲੋਆ ਸਥਿਤ ਸਰਕਾਰੀ ਸਕੂਲ ਨੇੜੇ ਖਾਲੀ ਮੈਦਾਨ ਵਿੱਚ ਅੱਜ 20 ਮਈ ਨੂੰ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੀ ਰੈਲੀ ਹੈ। ਇਸ ਦੇ ਲਈ ਭਾਜਪਾ ਵੱਲੋਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਵੱਖ-ਵੱਖ ਆਗੂਆਂ ਨੂੰ ਵੱਖ-ਵੱਖ ਖੇਤਰਾਂ ਵਿਚ ਭੀੜ ਜੁਟਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।ਇਸ ਰੈਲੀ ਤੋਂ ਪਹਿਲਾਂ ਹੀ ਆਮ ਆਦਮੀ ਪਾਰਟੀ (ਆਪ) ਨੂੰ ਝਟਕਾ ਲੱਗਾ ਹੈ। ਚੰਡੀਗੜ੍ਹ ਦੇ ਦਿੱਗਜ ਨੇਤਾ ਹਰਮੋਹਨ ਧਵਨ ਦੇ ਬੇਟੇ ਵਿਕਰਮ ਧਵਨ ਨੇ 'ਆਪ' ਛੱਡ ਦਿੱਤੀ ਹੈ। ਉਹ ਅੱਜ ਯੋਗੀ ਆਦਿਤਿਆਨਾਥ ਦੀ ਰੈਲੀ ਦੌਰਾਨ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣਗੇ। ਇਹ ਥਾਂ ਭਾਜਪਾ ਵੱਲੋਂ ਜਾਣਬੁੱਝ ਕੇ ਚੁਣੀ ਗਈ ਹੈ। ਕਿਉਂਕਿ ਮਲੋਆ ਅਤੇ ਆਸਪਾਸ ਦੇ ਇਲਾਕਿਆਂ ਵਿੱਚ ਛੋਟੇ ਫਲੈਟਾਂ ਵਿੱਚ ਰਹਿਣ ਵਾਲੇ ਵੋਟਰਾਂ ਦੀ ਗਿਣਤੀ ਉੱਤਰ ਪ੍ਰਦੇਸ਼ ਅਤੇ ਬਿਹਾਰ ਤੋਂ ਵੱਧ ਹੈ। ਇਸ ਲਈ ਉਨ੍ਹਾਂ ਨੂੰ ਭਾਜਪਾ ਦੇ ਹੱਕ ਵਿੱਚ ਭੁਗਤਾਉਣ ਲਈ ਮਲੋਆ ਵਿੱਚ ਪ੍ਰੋਗਰਾਮ ਉਲੀਕਿਆ ਗਿਆ ਹੈ।



# ਕੈਨੇਡਾ ਚ ਕਿਸ਼ਤੀ ਹਾਦਸਾ, 3 ਦੀ ਮੌਤ ਤੇ 5 ਜ਼ਖਮੀ




ਕੈਨੇਡਾ ਵਿਚ ਸ਼ਨੀਵਾਰ ਰਾਤ ਨੂੰ ਇਕ ਕਿਸ਼ਤੀ ਹਾਦਸੇ ਵਿਚ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਪੰਜ ਹੋਰ ਜ਼ਖਮੀ ਹੋ ਗਏ। ਇਹ ਜਾਣਕਾਰੀ ਸਥਾਨਕ ਮੀਡੀਆ ਨੇ ਦਿੱਤੀ। ਇਹ ਹਾਦਸਾ ਕੈਨੇਡਾ ਦੀ ਰਾਜਧਾਨੀ ਓਟਾਵਾ ਤੋਂ ਲਗਭਗ 140 ਕਿਲੋਮੀਟਰ ਦੱਖਣ ਵੱਲ ਬੌਬਸ ਲੇਕ ਦੇ ਖੇਤਰ ਵਿੱਚ ਸਥਾਨਕ ਸਮੇਂ ਅਨੁਸਾਰ ਰਾਤ 9:30 ਵਜੇ (0130 GMT) ਤੋਂ ਠੀਕ ਬਾਅਦ ਵਾਪਰਿਆ। ਸਥਾਨਕ ਪੁਲਸ ਨੇ ਕਿਹਾ, 'ਇਕ ਕਿਸ਼ਤੀ ਨੂੰ ਓਪਨ ਬੋ ਫਿਸ਼ਿੰਗ ਸਟਾਈਲ ਦੀ ਕਿਸ਼ਤੀ ਅਤੇ ਦੂਜੀ ਨੂੰ ਸਪੀਡ ਬੋਟ ਕਿਹਾ ਜਾਂਦਾ ਹੈ।' ਪੁਲਸ ਨੇ ਕਿਹਾ ਕਿ ਤਿੰਨ ਲੋਕਾਂ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਪੰਜ ਹੋਰਾਂ ਨੂੰ ਹਸਪਤਾਲ ਲਿਜਾਇਆ ਗਿਆ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਟੱਕਰ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਕਿੰਗਸਟਨ ਵਿਚ ਸ਼ੱਕੀ ਪੈਕੇਜ ਦੀ ਜਾਂਚ ਕਾਰਨ VIA ਰੇਲ ਸੇਵਾ ਕਈ ਘੰਟੇ ਰਹੀ ਲੇਟ

ਸ਼ਨੀਵਾਰ ਨੂੰ ਵਿਕਟੋਰੀਆ ਦਿਵਸ ਦੇ ਵੀਕਐਂਡ ਦੇ ਚਲਦੇ ਦੇਰ ਦੁਪਹਿਰ, ਇੱਕ ਸ਼ੱਕੀ ਪੈਕੇਜ ਦੀ ਜਾਂਚ ਦੌਰਾਨ ਕਿੰਗਸਟਨ, ਓਂਟਾਰੀਓ ਵਿੱਚ VIA ਰੇਲ ਸੇਵਾ ਪ੍ਰਭਾਵਿਤ ਹੋਈ। ਪੁਲਿਸ ਨੇ ਦੱਸਿਆ ਕਿ ਰਾਤ 12 ਵਜੇ ਤੋਂ ਬਾਅਦ ਸ਼ਨੀਵਾਰ ਨੂੰ ਜੋਨ ਕਾਊਂਟਰ ਬੁਲੇਵਾਰਡ ਅਤੇ ਮਾਂਟਰੀਅਲ ਸਟ੍ਰੀਟ ਦੇ ਖੇਤਰ ਵਿੱਚ ਜਾਂਚ ਚੱਲ ਰਹੀ ਸੀ ਅਤੇ ਲੋਕਾਂ ਨੂੰ ਇਸ ਖੇਤਰ ਵੱਲ ਜਾਣ ਤੋਂ ਬਚਣ ਲਈ ਕਿਹਾ ਗਿਆ ਸੀ। ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ ਜਾਂਚ ਰੇਲਵੇ ਟ੍ਰੈਕ ਦੇ ਨੇੜੇ ਇੱਕ ਸ਼ੱਕੀ ਪੈਕੇਜ ਦੀ ਜਾਂਚ ਕੀਤੀ ਜਾ ਰਹੀ ਸੀ।




ਕਾਂਸਟ. ਕੈਮਰਨ ਮੈਕ ਨੇ ਇੱਕ ਬਿਆਨ ਵਿੱਚ ਕਿਹਾ ਕਿ ਸ਼ਾਮ 4:30 ਵਜੇ ਜਾਂਚ ਪੂਰੀ ਹੋ ਗਈ ਹੈ ਅਤੇ ਖੇਤਰ ਵਿੱਚ ਸੜਕਾਂ ਦੁਬਾਰਾ ਖੁੱਲ੍ਹ ਗਈਆਂ ਹਨ। ਪੁਲਿਸ ਨੇ ਤਸਦੀਕ ਕੀਤਾ ਹੈ ਕਿ ਖੇਤਰ ਵਿੱਚ ਕੋਈ ਵਿਸਫੋਟਕ ਸਮੱਗਰੀ ਨਹੀਂ ਹੈ ਅਤੇ ਇਹ ਹੁਣ ਪੈਦਲ ਚੱਲਣ ਵਾਲਿਆਂ ਅਤੇ ਵਾਹਨਾਂ ਦੀ ਆਵਾਜਾਈ ਲਈ ਸੁਰੱਖਿਅਤ ਹੈ। ਵੀਆਈਏ ਰੇਲ ਨੇ ਕਿਹਾ ਕਿ ਪੁਲਿਸ ਦੀ ਜਾਂਚ ਕਾਰਵਾਈ ਦੇ ਚਲਦੇ ਰੇਲ ਸੇਵਾ ਪੰਜ ਘੰਟੇ ਰੁਕੀ ਰਹੀ, ਇਸ ਦੌਰਾਨ ਦੋਵੇਂ ਦਿਸ਼ਾਵਾਂ ਵਿੱਚ ਟ੍ਰੈਕ ਬੰਦ ਕਰ ਦਿੱਤੇ ਗਏ ਸਨ। VIA ਰੇਲ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਸ ਘਟਨਾ ਵਿੱਚ VIA ਰੇਲ ਰੇਲਗੱਡੀ ਸ਼ਾਮਿਲ ਨਹੀਂ ਹੈ, ਹਾਲਾਂਕਿ, ਇਸ ਨੇ ਸਾਡੇ ਕੰਮਕਾਜ ਨੂੰ ਪ੍ਰਭਾਵਿਤ ਕੀਤਾ ਹੈ।

ਇਸ ਖੇਤਰ ਵਿੱਚੋਂ ਲੰਘਣ ਵਾਲੀਆਂ ਸਾਰੀਆਂ VIA ਰੇਲ ਗੱਡੀਆਂ ਨੂੰ ਰੋਕ ਦਿੱਤਾ ਗਿਆ ਹੈ ਜਦੋਂਕਿ ਪੁਲਿਸ ਆਪਣੀ ਜਾਂਚ ਜਾਰੀ ਰੱਖਦੀ ਹੈ। VIA ਰੇਲ ਦੀ ਸੰਚਾਲਨ ਟੀਮ ਸਥਿਤੀ ਦਾ ਜਾਇਜ਼ਾ ਲੈ ਰਹੀ ਹੈ ਅਤੇ ਸਥਿਤੀ ਅਨੁਸਾਰ ਯਾਤਰੀਆਂ ਨੂੰ ਬੋਰਡ ਵਿੱਚ ਸੇਵਾ ਪ੍ਰਬੰਧਕਾਂ ਦੁਆਰਾ ਸੂਚਿਤ ਕੀਤਾ ਜਾਵੇਗਾ।

# ਓਸ਼ਵਾ ਵਿੱਚ ਹਾਈਵੇਅ 401 ਹਾਦਸੇ ਵਿਚ 4 ਜ਼ਖਮੀ, ਹਸਪਤਾਲ `ਚ ਦਾਖਲ, ਜਾਂਚ ਜਾਰੀ





ਓਸ਼ਾਵਾ ਵਿੱਚ ਐਤਵਾਰ ਦੁਪਹਿਰ ਸਮੇਂ ਇੱਕ ਵਾਹਨ ਦੀ ਟੱਕਰ ਵਿੱਚ ਚਾਰ ਲੋਕ ਜ਼ਖਮੀ ਹੋ ਗਏ। ਓਂਟਾਰੀਓ ਦੀ ਸਪੈਸ਼ਲ ਇੰਵੈਸਟੀਗੇਸ਼ਨ ਯੂਨਿਟ (ਐੱਸਆਈਯੂ) ਬਾਅਦ ਇਸ ਹਾਦਸੇ ਦੀ ਜਾਂਚ ਕਰ ਰਹੀ ਹੈ। ਇਹ ਹਾਦਸਾ ਸਟੀਵਨਸਨ ਰੋਡ 'ਤੇ ਹਾਈਵੇਅ 401 ਦੀਆਂ ਪੂਰਬੀ ਲੇਨਾਂ ਵਿਚ ਵਾਪਰਿਆ। ਐੱਸ.ਆਈ.ਯੂ. ਨੇ ਕਿਹਾ ਕਿ ਦੁਪਹਿਰ 3:30 ਵਜੇ ਦੇ ਕਰੀਬ ਇੱਕ ਓਪੀਪੀ ਅਧਿਕਾਰੀ ਵਾਈਟਬੀ ਵਿੱਚ ਥਿਕਸਨ ਰੋਡ ਨੇੜੇ 401 'ਤੇ ਸਪੀਡ ਇਨਫੋਰਸਮੈਂਟ ਚਲਾ ਰਿਹਾ ਸੀ ਜਦੋਂ ਕਿ ਇੱਕ ਡਰਾਈਵਰ ਉਨ੍ਹਾਂ ਨੂੰ ਖਿੱਚਣ ਦੀ ਕੋਸ਼ਿਸ਼ ਕਰ ਰਿਹਾ ਸੀ। ਸਿਵਲ ਏਜੰਸੀ ਨੇ ਕਿਹਾ ਕਿ ਥੋੜ੍ਹੇ ਸਮੇਂ ਬਾਅਦ, ਡਰਾਈਵਰ ਓਸ਼ਵਾ ਵਿੱਚ ਸਟੀਵਨਸਨ ਰੋਡ ਦੇ ਖੇਤਰ ਵਿੱਚ ਇੱਕ ਰੋਲਓਵਰ ਵਾਹਨ ਦੀ ਟੱਕਰ ਵਿੱਚ ਸ਼ਾਮਿਲ ਸੀ।

ਸੂਬੇ ਦੇ ਪੁਲਿਸ ਨਿਗਰਾਨ ਅਧਿਕਾਰੀ ਨੇ ਕਿਹਾ ਕਿ ਵਾਹਨ 'ਤੇ ਸਵਾਰ ਸਾਰੇ ਵਿਅਕਤੀਆਂ ਨੂੰ ਗੰਭੀਰ ਸੱਟਾਂ ਲੱਗੀਆਂ ਹਨ ਤੇ ਉਨ੍ਹਾ ਨੂੰ ਹਸਪਤਾਲ ਲਿਜਾਇਆ ਗਿਆ ਹੈ। ਉਨ੍ਹਾਂ ਨੇ ਦੱਸਿਆ ਕਿ ਦੋ ਯਾਤਰੀ ਸੇਂਟ ਮਾਈਕਲ ਹਸਪਤਾਲ ਭੇਜੇ, ਜਦੋਂਕਿ ਬਾਕੀ ਦੋ ਨੂੰ ਸਨੀਬਰੂਕ ਹੈਲਥ ਸਾਇੰਸਿਜ਼ ਸੈਂਟਰ ਲਿਜਾਇਆ ਗਿਆ।

ਐਕਸ 'ਤੇ ਇੱਕ ਪੋਸਟ ਵਿੱਚ, ਓਪੀਪੀ ਦੀ ਹਾਈਵੇਅ ਸੇਫਟੀ ਡਿਵੀਜ਼ਨ ਨੇ ਕਿਹਾ ਕਿ ਸਟੀਵਨਸਨ ਵਿਖੇ ਪੂਰਬ ਵੱਲ 401 ਦੇ ਸੱਜੇ ਲੇਨ ਅਤੇ ਆਫ ਰੈਂਪ ਲੇਨਾਂ ਨੂੰ ਪੁਲਿਸ ਜਾਂਚ ਕਾਰਨ ਅਗਲੇ ਨੋਟਿਸ ਤੱਕ ਬੰਦ ਕਰ ਦਿੱਤਾ ਗਿਆ ਹੈ।

# ਸਕਾਰਬਰੋ ਵਿੱਚ ਘਰ ਦੇ ਬਾਹਰ ਝਗੜੇ ਦੌਰਾਨ ਵਿਅਕਤੀ ਦੇ ਮਾਰੀ ਗੋਲੀ

ਪੁਲਿਸ ਦਾ ਕਹਿਣਾ ਹੈ ਕਿ ਸ਼ਨੀਵਾਰ ਸਵੇਰੇ ਸਕਾਰਬਰੋ ਵਿੱਚ ਇੱਕ ਘਰ ਦੇ ਬਾਹਰ ਝਗੜੇ ਦੌਰਾਨ ਇੱਕ ਵਿਅਕਤੀ ਨੂੰ ਗੋਲੀ ਮਾਰ ਦਿੱਤੀ ਗਈ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਸਵੇਰੇ 3 ਵਜੇ ਤੋਂ ਪਹਿਲਾਂ, ਡੈਨਫੋਰਥ ਅਤੇ ਕੈਨੇਡੀ ਸੜਕਾਂ ਦੇ ਨੇੜੇ, ਕਾਟਨ ਐਵੇਨਿਊ 'ਤੇ ਘਟਨਾ ਸਥਾਨ 'ਤੇ ਬੁਲਾਇਆ ਗਿਆ ਸੀ। ਪੀੜਤ ਨੂੰ ਗੰਭੀਰ ਜ਼ਖਮੀ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ।ਪੁਲਿਸ ਵਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।



# ਅਮਰੀਕਾ ਦੇ ਪਹਿਲੇ ਕਾਲੇ ਪੁਲਾੜ ਯਾਤਰੀ ਨੇ 60 ਸਾਲਾਂ ਬਾਅਦ ਕੀਤੀ ਪੁਲਾੜ ਯਾਤਰਾ

ਅਮਰੀਕਾ ਦੇ ਪਹਿਲੇ ਕਾਲੇ ਪੁਲਾੜ ਯਾਤਰੀ ਦਾ ਪੁਲਾੜ ਵਿਚ ਜਾਣ ਦਾ ਸੁਪਨਾ 60 ਸਾਲਾਂ ਬਾਅਦ ਐਤਵਾਰ ਨੂੰ ਸਾਕਾਰ ਹੋ ਗਿਆ। ਉਹ ਜੈਫ ਬੇਜੋਸ ਦੀ ਕੰਪਨੀ ਦੇ ਰਾਕੇਟ ’ਚ ਉੱਡਦੇ ਹੋਏ ਪੁਲਾੜ ’ਚ ਪਹੁੰਚੇ। ਐਡ ਡਵਾਈਟ ਏਅਰ ਫੋਰਸ ’ਚ ਪਾਇਲਟ ਸਨ। ਜਦੋਂ ਰਾਸ਼ਟਰਪਤੀ ਜੌਹਨ ਐੱਫ. ਕੈਨੇਡੀ ਨੇ ਉਨ੍ਹਾਂ ਨੂੰ ਨਾਸਾ ਦੇ ਉਦਘਾਟਨੀ ਪੁਲਾੜ ਯਾਤਰੀ ਕੋਰ ਲਈ ਉਮੀਦਵਾਰ ਵਜੋਂ ਚੁਣਿਆ ਸੀ ਪਰ 1963 ’ਚ ਪੁਲਾੜ ’ਚ ਜਾਣ ਦੀ ਉਨ੍ਹਾਂ ਦੀ ਵਾਰੀ ਨਹੀਂ ਆਈ। ਵੈਸਟ ਟੈਕਸਾਸ ਤੋਂ ਇਕ ਸੰਖੇਪ ਉਡਾਣ ਤੋਂ ਬਾਅਦ ਡਵਾਈਟ ਪੁਲਾੜ ਵਿਚ ਸਭ ਤੋਂ ਬਜ਼ੁਰਗ ਵਿਅਕਤੀ ਦਾ ਨਵਾਂ ਰਿਕਾਰਡ ਬਣਾਉਣ ਵਿਚ ਕਾਮਯਾਬ ਰਿਹਾ।



# ਕੈਲੇਫੋਰਨੀਆ ਸਟੇਟ ਯੂਨੀਵਰਿਸਟੀ, ਫਰਿਜ਼ਨੋ ਵਿਖੇ ਵੱਡੇ ਪੱਧਰ ‘ਤੇ ਹੋਏ ਗ੍ਰੈਜੂਏਸ਼ਨ ਸਮਾਗਮ



ਦੁਨੀਆ ਭਰ ਵਿੱਚ ਮਾਪੇ ਆਪਣੇ ਬੱਚਿਆਂ ਦੇ ਉੱਜਲੇ ਭਵਿੱਖ ਅਤੇ ਪੜ੍ਹਾਈ ਲਈ ਹਰ ਸੰਭਵ ਯਤਨ ਕਰਦੇ ਹਨ। ਜਿਸ ਉਪਰੰਤ ਉਨ੍ਹਾਂ ਨੂੰ ਸਿੱਖਿਆ ਦੇਣ ਵਾਲੀਆਂ ਵੱਖ-ਵੱਖ ਵਿੱਦਿਅਕ ਸੰਸਥਾਵਾਂ ਵੱਲੋਂ ਯੋਗਤਾ ਦੇ ਅਧਾਰ ‘ਤੇ ਡਿਗਰੀਆਂ ਅਤੇ ਡਿਪਲੋਮੇ ਆਦਿਕ ਦਿੱਤੇ ਜਾਂਦੇ ਹਨ। ਜੋ ਉਨ੍ਹਾਂ ਦੇ ਉੱਜਲੇ ਭਵਿੱਖ ਅਤੇ ਵੱਖ-ਵੱਖ ਖੇਤਰਾਂ ਵਿੱਚ ਕਾਰੋਬਾਰ ਅਤੇ ਨੌਕਰੀਆਂ ਲਈ ਸਹਾਇਕ ਬਣਦੇ ਹਨ।ਇਵੇਂ ਵੀ ਇਸ ਮਈ ਮਹੀਨੇ ਨੂੰ ਗ੍ਰੈਜੂਏਸ਼ਨਾਂ ਦਾ ਮਹੀਨਾ ਮੰਨਿਆ ਜਾਂਦਾ ਹੈ। ਇੰਨ੍ਹਾਂ ਚੱਲ ਰਹੇ ਗ੍ਰੈਜੂਏਸ਼ਨਾਂ ਦੇ ਦੌਰ ਦੌਰਾਨ ਅਮਰੀਕਾ ਦੀ ਸਟੇਟ ਕੈਲੇਫੋਰਨੀਆ ਦੇ ਸ਼ਹਿਰ ਫਰਿਜ਼ਨੋ ਦੇ ਸਭ ਤੋਂ ਵੱਡੇ ਵਿੱਦਿਅਕ ਅਦਾਰੇ “ਕੈਲੇਫੋਰਨੀਆਂ ਸਟੇਟ ਯੂਨੀਵਰਸਿਟੀ, ਫਰਿਜ਼ਨੋ” ਵੱਲੋਂ ਬੀਤੇ ਹਫ਼ਤੇ ਵੱਖ-ਵੱਖ ਵਿਸ਼ਿਆਂ, ਭਸ਼ਾਵਾ, ਕਿੱਤਿਆਂ ਅਤੇ ਖੇਤਰਾਂ ਵਿੱਚ ਇਸ ਸਾਲ ਆਪਣੀ ਪੜ੍ਹਾਈ ਮੁਕੰਮਲ ਕਰ ਚੁੱਕੇ ਹਜ਼ਾਰਾਂ ਵਿਦਿਆਰਥੀਆਂ ਨੂੰ ਸਥਾਨਿਕ “ਸੇਵ ਮਾਰਟ ਸੈਂਟਰ” ਵਿੱਚ ਡਿਪਲੋਮੇ ਅਤੇ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ।ਇਸ ਸਮਾਗਮ ਦੀ ਰਸਮੀਂ ਸੁਰੂਆਤ ਅਮੈਰੀਕਨ ਰਾਸ਼ਟਰੀ ਗੀਤ ਨਾਲ ਕੀਤੀ ਗਈ। ਇਸ ਉਪਰੰਤ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਨੇ ਸਭ ਨੂੰ ਜੀ ਆਇਆਂ ਕਿਹਾ ਅਤੇ ਬੱਚਿਆਂ ਦੀਆਂ ਉਪਲਬਧੀਆਂ ਦਾ ਜ਼ਿਕਰ ਕੀਤਾ।

ਇਸ ਉਪਰੰਤ ਕਈ ਹਜ਼ਾਰ ਲੋਕਾਂ ਦੀ ਹਾਜ਼ਰੀ ਵਿੱਚ ਸ਼ੁਰੂ ਹੋਇਆ ਗ੍ਰੈਜੂਏਸ਼ਨ ਸਮਾਗਮ। ਇੰਨ੍ਹਾਂ ਹਾਜ਼ਰ ਲੋਕਾਂ ਵਿੱਚ ਯੂਨੀਵਰਸਿਟੀ ਅਧਿਕਾਰੀ, ਵਿਦਿਆਰਥੀ, ਮਾਪੇ ਅਤੇ ਰਿਸ਼ਤੇਦਾਰ ਸ਼ਾਮਲ ਸਨ। ਇਹ ਸਭ ਬੱਚਿਆਂ ਦੀ ਖੁਸ਼ੀ ਵਿੱਚ ਆਪਣੀ ਖੁਸ਼ੀ ਜਾਹਰ ਕਰਦੇ ਹੋਏ ਤਾੜੀਆਂ ਦੀ ਗੂੰਜ਼ ਨਾਲ ਸਭ ਦਾ ਹੌਂਸਲਾ ਵਧਾ ਰਹੇ ਸਨ। ਇਸ ਸਮੇਂ ਪੰਜਾਬੀ ਭਾਈਚਾਰੇ ਦਾ ਮਾਣ ਵਧਾਉਂਦੇ ਹੋਏ ਵੱਖ-ਵੱਖ ਖੇਤਰਾਂ ਵਿੱਚ ਪੰਜਾਬੀ ਵਿਦਿਆਰਥੀਆਂ ਨੇ ਵੀ ਆਪਣੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਇਸ ਗ੍ਰੈਜੂਏਸ਼ਨ ਸਮਾਗਮ ਦੀ ਸਮਾਪਤੀ ਉਪਰੰਤ ਸਭ ਅੰਦਰ ਖੁਸ਼ੀ ਦੀ ਲਹਿਰ ਸੀ ਅਤੇ ਮਾਪਿਆਂ ਅਤੇ ਦੋਸ਼ਤਾਂ ਵੱਲੋਂ ਗ੍ਰੈਜੂਏਟ ਬੱਚਿਆਂ ਨੂੰ ਫੁੱਲ ਅਤੇ ਹੋਰ ਤੋਹਫ਼ੇ ਦਿੱਤੇ ਜਾ ਰਹੇ ਸਨ। ਇਸ ਸਮੇਂ ਸੰਬੰਧੀ ਪੱਤਰਕਾਰ ਕੁਲਵੰਤ ਧਾਲੀਆਂ ਨੇ ਖਾਸ ਸੁਨੇਹਾ ਭੇਜਦੇ ਹੋਏ ਸਭ ਨੂੰ ਵਧਾਈ ਦਿੱਤੀ। ਜਦ ਕਿ ਵਿਦਿਆਰਥੀਆਂ ਵਿੱਚੋਂ ਆਂਚਲ ਕੌਰ ਹੇਅਰ ਨੇ ਗੱਲਬਾਤ ਕਰਦੇ ਹੋਏ ਮਾਪਿਆਂ, ਅਧਿਆਪਕਾਂ ਅਤੇ ਸਹਿਯੋਗੀ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਅਤੇ ਸਭ ਨੂੰ ਵਧਾਈ ਦਿੱਤੀ। ਅੰਤ ਸੁਨਹਿਰੇ ਭਵਿੱਖ ਦੀ ਕਿਰਨ ਜਗਾਉਂਦਾ ਹੋਇਆ ਇਹ ਗ੍ਰੈਜੂਏਸ਼ਨ ਸਮਾਗਮ ਆਪਣਾ ਯਾਦਗਾਰੀ ਇਤਿਹਾਸ ਸਿਰਜ ਗਿਆ।

# ਸਿਨਸਿਨੈਟੀ ਓਹਾਇਓ ਵਿੱਖੇ ਸਿੱਖ ਯੂਥ ਸਿਮਪੋਜ਼ੀਅਮ 2024 ਦਾ ਆਯੋਜਨ

ਸਲਾਨਾ ਸਿੱਖ ਯੂਥ ਸਿਮਪੋਜ਼ੀਅਮ- 2024 ਦੇ ਸਥਾਨਕ ਪੱਧਰ ਦੇ ਭਾਸ਼ਣ ਮੁਕਾਬਲੇ ਲਈ ਅਮਰੀਕਾ ਦੇ ਸੂਬੇ ਓਹਾਇਓ ਦੇ ਸਿਨਸਿਨੈਟੀ (ਡੇਟਨ) ਅਤੇ ਨੇੜਲੇ ਸ਼ਹਿਰਾਂ ਤੋਂ ਸਿੱਖ ਬੱਚੇ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨੈਟੀ ਗੁਰਦੁਆਰਾ ਸਾਹਿਬ ਵਿੱਖੇ ਇਕੱਠੇ ਹੋਏ। ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ (ਸਿਆਨਾ) ਸੰਸਥਾ ਦੀ ਸਰਪ੍ਰਸਤੀ ਹੇਠ ਆਯੋਜਿਤ ਇਸ ਪ੍ਰੋਗਰਾਮ ਵਿੱਚ 6 ਸਾਲ ਤੋਂ ਲੈ ਕੇ 22 ਸਾਲ ਤੱਕ ਦੇ 50 ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ। ਇਸ ਸਮਾਗਮ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਸਿਨਸਿਨਾਟੀ ਅਤੇ ਡੇਟਨ ਖੇਤਰ ਦੇ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿੱਚ ਵੰਡਿਆ ਜਾਂਦਾ ਹੈ। ਹਰੇਕ ਗਰੁੱਪ ਨੂੰ 4 ਮਹੀਨੇ ਪਹਿਲਾਂ ਇਕ ਕਿਤਾਬ ਦਿੱਤੀ ਜਾਂਦੀ ਹੈ ਤੇ ਬੱਚਿਆਂ ਨੇ ਉਸ ਦੇ ਵਿਚੋਂ ਦਿੱਤੇ ਗਏ ਤਿੰਨ ਸਵਾਲਾਂ ਦੇ ਜਵਾਬ 5 ਤੋਂ 7 ਮਿੰਟ ਵਿੱਚ ਭਾਸ਼ਣ ਦੇ ਰੂਪ ਵਿਚ ਦੇਣੇ ਹੁੰਦੇ ਹਨ।ਇਸ ਸਾਲ ਪਹਿਲੇ ਗਰੁੱਪ ਨੂੰ “ਮਾਈ ਗੁਰੂਜ਼ ਬਲੈਸਿੰਗਜ਼”, ਦੂਜੇ ਨੂੰ “ਟੀਚਿੰਗ ਸਿੱਖ ਹੈਰੀਟੇਜ ਟੂ ਯੂਥ”, ਤੀਜੇ ਨੂੰ “20 ਮਿੰਟ ਗਾਈਡ ਟੂ ਦਿ ਸਿੱਖ ਫੇਥ” ਅਤੇ ਚੌਥੇ ਨੂੰ “ਕਲੈਸ਼ ਆਫ ਕਲਚਰ” ਪੁਸਤਕ ਦਿੱਤੀ ਗਈ। 1984 ਦੇ ਘੱਲੂਘਾਰੇ ਅਤੇ ਕਤਲੇਆਮ ਦੀ 40ਵੀ ਵਰ੍ਹੇਗੰਢ ਨੂੰ ਸਮਰਪਤ ਪੰਜਵੇਂ ਗਰੁੱਪ ਦਾ ਵਿਸ਼ਾ “1984 ਦਾ ਘੱਲੂਘਾਰਾ ਅਤੇ ਉਸ ਤੋਂ ਬਾਅਦ ਦਾ ਸਿੱਖ ਸੰਘਰਸ਼” ਰੱਖਿਆ ਗਿਆ ਹੈ। ਹਰ ਸਾਲ ਵਾਂਗ ਸਿਮਪੋਜ਼ੀਅਮ ਦੀ ਅਰੰਭਤਾ ਅਤੇ ਸਮਾਪਤੀ ਅਰਦਾਸ ਅਤੇ ਹੁਕਮਨਾਮਾ ਲੈ ਕੇ ਹੋਈ। ਆਪਣੇ ਉਦਘਾਟਣੀ ਭਾਸ਼ਣ ਵਿੱਚ ਡਾ. ਕਿਰਨਪਾਲ ਸਿੰਘ ਸੰਘਾ ਨੇ ਭਾਗ ਲੈਣ ਨੌਜਵਾਨਾਂ, ਪਰਿਵਾਰ ਅਤੇ ਭਾਈਚਾਰੇ ਦੇ ਮੈਂਬਰਾਂ ਨੂੰ ਦੱਸਿਆ, “ਸਿਨਸਿਨੈਟੀ ਵਿਖੇ ਸਿਮਪੋਜ਼ੀਅਮ ਦੇ ਆਯੋਜਨ ਦਾ ਇਹ 20ਵਾਂ ਸਾਲ ਹੈ।



# ਲੀਗ ਸਟੇਜ ਦਾ ਆਖ਼ਰੀ ਮੁਕਾਬਲਾ ਵੀ ਮੀਂਹ ਦੀ ਭੇਂਟ ਚੜ੍ਹਿਆ, RR ਤੇ KKR ਨੂੰ 1-1 ਅੰਕ ਨਾਲ ਕਰਨਾ ਪਿਆ ਸਬਰ




ਗੁਹਾਟੀ ਦੇ ਬਰਸਾਪਾਰਾ ਸਟੇਡੀਅਮ 'ਚ ਆਈ.ਪੀ.ਐੱਲ. ਦਾ ਕੋਲਕਾਤਾ ਨਾਈਟ ਰਾਈਡਰਜ਼ ਤੇ ਰਾਜਸਥਾਨ ਰਾਇਲਜ਼ ਵਿਚਾਲੇ ਖੇਡਿਆ ਜਾਣ ਵਾਲਾ ਮੁਕਾਬਲਾ ਬਾਰਿਸ਼ ਦੀ ਭੇਂਟ ਚੜ੍ਹ ਗਿਆ ਹੈ। ਲਗਾਤਾਰ ਹੋ ਰਹੀ ਬਾਰਿਸ਼ ਕਾਰਨ ਇਸ ਮੈਚ ਨੂੰ ਰੱਦ ਕਰ ਦਿੱਤਾ ਗਿਆ ਹੈ। ਇਸ ਮੈਚ ਦੇ ਰੱਦ ਹੋਣ ਤੋਂ ਬਾਅਦ ਰਾਜਸਥਾਨ ਤੇ ਕੋਲਕਾਤਾ ਦੋਵਾਂ ਨੂੰ ਹੀ 1-1 ਅੰਕ ਦੇ ਦਿੱਤਾ ਗਿਆ ਹੈ। ਹਾਲਾਂਕਿ ਇਸ ਮੁਕਾਬਲੇ ਤੋਂ ਪਹਿਲਾਂ ਹੀ ਇਹ ਦੋਵੇਂ ਟੀਮਾਂ ਪਲੇਆਫ਼ 'ਚ ਕੁਆਲੀਫਾਈ ਕਰ ਚੁੱਕੀਆਂ ਸਨ, ਪਰ ਰਾਜਸਥਾਨ ਜੇਕਰ ਇਹ ਮੁਕਾਬਲਾ ਜਿੱਤ ਜਾਂਦੀ ਤਾਂ ਉਸ ਨੂੰ ਟਾਪ-2 'ਚ ਖੇਡਣ ਦਾ ਮੌਕਾ ਮਿਲਣਾ ਸੀ, ਜਿਸ ਕਾਰਨ ਉਸ ਨੂੰ ਫਾਈਨਲ 'ਚ ਪਹੁੰਚਣ ਲਈ 2 ਮੌਕੇ ਮਿਲ ਜਾਣੇ ਸਨ।ਪਰ ਹੁਣ ਉਨ੍ਹਾਂ ਨੂੰ ਤੀਜੇ ਸਥਾਨ 'ਤੇ ਰਹਿ ਕੇ ਸਬਰ ਕਰਨਾ ਪਿਆ ਹੈ ਤੇ ਉਨ੍ਹਾਂ ਨੂੰ ਹੁਣ ਐਲੀਮਿਨੇਟਰ ਦੇ 'ਕਰੋ ਜਾਂ ਮਰੋ' ਮੁਕਾਬਲੇ 'ਚ ਰਾਇਲ ਚੈਲੰਜਰਜ਼ ਬੈਂਗਲੁਰੂ ਨਾਲ ਭਿੜਨਾ ਪਵੇਗਾ, ਜੋ ਕਿ ਲਗਾਤਾਰ 6 ਮੁਕਾਬਲੇ ਜਿੱਤ ਕੇ ਇੱਥੇ ਤੱਕ ਪਹੁੰਚੀ ਹੈ। ਇਸ ਤੋਂ ਇਲਾਵਾ ਕੋਲਕਾਤਾ ਨੂੰ ਇਸ ਮੈਚ ਦੇ ਨਤੀਜੇ ਨਾਲ ਕੋਈ ਫ਼ਰਕ ਨਹੀਂ ਪਿਆ, ਕਿਉਂਕਿ ਸਭ ਤੋਂ ਵੱਧ ਅੰਕ ਹੋਣ ਕਾਰਨ ਉਸ ਦਾ ਪੁਆਇੰਟ ਟੇਬਲ 'ਚ ਪਹਿਲੇ ਸਥਾਨ 'ਤੇ ਰਹਿਣਾ ਤੈਅ ਸੀ। ਉਹ ਹੁਣ ਹੈਦਰਾਬਾਦ ਨਾਲ ਪਹਿਲਾ ਕੁਆਲੀਫਾਇਰ ਖੇਡੇਗੀ। ਜ਼ਿਕਰਯੋਗ ਹੈ ਕਿ ਇਹ ਲੀਗ ਸਟੇਜ ਦਾ ਆਖ਼ਰੀ ਮੁਕਾਬਲਾ ਸੀ। ਪਿਛਲੇ ਦਿਨੀਂ ਕਈ ਮੁਕਾਬਲੇ ਮੀਂਹ ਕਾਰਨ ਜਾਂ ਤਾਂ ਦੇਰੀ ਨਾਲ ਸ਼ੁਰੂ ਹੋਏ ਸਨ ਤੇ ਜਾਂ ਫਿਰ ਰੱਦ ਕਰਨੇ ਪਏ ਸਨ। ਅਜਿਹੇ 'ਚ ਹੁਣ ਅੱਗੇ ਆਉਣ ਵਾਲੇ ਪਲੇਆਫ਼ ਮੁਕਾਬਲਿਆਂ 'ਚ ਵੀ ਮੌਸਮ ਅਹਿਮ ਰੋਲ ਅਦਾ ਕਰ ਸਕਦਾ ਹੈ।

# ਨਿਜਤਾ ਦੀ ਉਲੰਘਣਾ ਨੂੰ ਲੈ ਕੇ IPL ਪ੍ਰਸਾਰਕਾਂ 'ਤੇ ਭੜਕੇ ਰੋਹਿਤ ਸ਼ਰਮਾ, ਸੋਸ਼ਲ ਮੀਡੀਆ 'ਤੇ ਕੀਤਾ ਪੋਸਟ



ਮੁੰਬਈ ਇੰਡੀਅਨਜ਼ ਦੇ ਸਾਬਕਾ ਕਪਤਾਨ ਰੋਹਿਤ ਸ਼ਰਮਾ ਨੇ ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐੱਲ.) ਦੇ ਟੀਵੀ ਪ੍ਰਸਾਰਕ 'ਤੇ ਨਿਜਤਾ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ ਹੈ ਅਤੇ ਕਿਹਾ ਹੈ ਕਿ 'ਐਕਸਕਲੂਸਿਵ' ਅਤੇ 'ਵਿਊਜ਼' ਦੇ ਚੱਕਰ 'ਚ ਇੱਕ ਦਿਨ ਪ੍ਰਸ਼ੰਸਕਾਂ, ਕ੍ਰਿਕਟਰਾਂ ਅਤੇ ਕ੍ਰਿਕਟ ਵਿਚਾਲੇ ਭਰੋਸਾ ਖਤਮ ਹੋ ਜਾਵੇਗਾ। ਰੋਹਿਤ ਨੇ ਆਪਣੀ ਅਤੇ ਕੋਲਕਾਤਾ ਨਾਈਟ ਰਾਈਡਰਜ਼ ਦੇ ਸਹਾਇਕ ਕੋਚ ਅਭਿਸ਼ੇਕ ਨਾਇਰ ਦੀ ਗੱਲਬਾਤ ਦਾ ਵੀਡੀਓ ਵਾਇਰਲ ਹੋਣ ਤੋਂ ਬਾਅਦ ਨਿਰਾਸ਼ਾ ਜ਼ਾਹਰ ਕੀਤੀ।ਇਸ ਵੀਡੀਓ 'ਚ ਉਹ ਮੁੰਬਈ ਇੰਡੀਅਨਜ਼ ਨਾਲ ਆਪਣੇ ਭਵਿੱਖ ਬਾਰੇ ਗੱਲ ਕਰਦੇ ਨਜ਼ਰ ਆ ਰਹੇ ਹਨ। ਰੋਹਿਤ ਨੇ ਆਈਪੀਐੱਲ ਟੀਵੀ ਪ੍ਰਸਾਰਕ ਸਟਾਰ ਸਪੋਰਟਸ ਉੱਤੇ ਲਿਖੀ ਇੱਕ ਪੋਸਟ ਵਿੱਚ ਆਪਣੀ ਨਾਰਾਜ਼ਗੀ ਜਤਾਈ ਤੇ ਕਿਹਾ ਕਿ ਇਹ ਨਿੱਜਤਾ ਦੀ ਉਲੰਘਣਾ ਹੈ।

ਉਨ੍ਹਾਂ ਨੇ ਅੱਗੇ ਲਿਖਿਆ, 'ਕ੍ਰਿਕਟਰਾਂ ਦੀ ਜ਼ਿੰਦਗੀ 'ਚ ਇੰਨਾ ਦਖਲ ਹੈ ਕਿ ਕੈਮਰੇ ਹਰ ਕਦਮ 'ਤੇ ਉਨ੍ਹਾਂ ਦਾ ਪਿੱਛਾ ਕਰਦੇ ਹਨ। ਭਾਵੇਂ ਅਸੀਂ ਆਪਣੇ ਦੋਸਤਾਂ, ਸਾਥੀਆਂ ਨਾਲ, ਅਭਿਆਸ ਦੌਰਾਨ ਜਾਂ ਮੈਚ ਵਾਲੇ ਦਿਨ ਨਿੱਜੀ ਤੌਰ 'ਤੇ ਗੱਲ ਕਰ ਰਹੇ ਹੋਈਏ।ਦਰਸ਼ਕਾਂ ਦੀ ਗਿਣਤੀ ਵਧਾਉਣ ਲਈ ਮੀਡੀਆ ਅਤੇ ਸੋਸ਼ਲ ਮੀਡੀਆ ਵਿੱਚ ਮੁਕਾਬਲੇ ਤੋਂ ਨਿਰਾਸ਼ ਭਾਰਤੀ ਕਪਤਾਨ ਨੇ ਕਿਹਾ, 'ਐਕਸਕਲੂਸਿਵ ਪ੍ਰਾਪਤ ਕਰਨਾ ਅਤੇ ਸਿਰਫ ਵਿਊਜ਼ ਅਤੇ ਇੰਗੇਜਮੈਂਟ 'ਤੇ ਧਿਆਨ ਕੇਂਦਰਤ ਕਰਨਾ ਇੱਕ ਦਿਨ ਪ੍ਰਸ਼ੰਸਕਾਂ, ਕ੍ਰਿਕਟ ਅਤੇ ਕ੍ਰਿਕਟਰਾਂ ਵਿਚਕਾਰ ਵਿਸ਼ਵਾਸ ਨੂੰ ਤਬਾਹ ਕਰ ਦੇਵੇਗਾ।' ਰੋਹਿਤ ਨੇ ਪ੍ਰਸਾਰਕਾਂ ਨੂੰ ਆਡੀਓ ਬੰਦ ਕਰਨ ਦੀ ਬੇਨਤੀ ਕੀਤੀ ਸੀ। ਇਹ ਗੱਲਬਾਤ 11 ਮਈ ਨੂੰ ਮੁੰਬਈ ਅਤੇ ਕੇਕੇਆਰ ਵਿਚਾਲੇ ਆਈਪੀਐਲ ਮੈਚ ਤੋਂ ਬਾਅਦ ਹੋਈ। ਵਿਵਾਦ ਤੋਂ ਬਾਅਦ ਕੇਕੇਆਰ ਦੀ ਸੋਸ਼ਲ ਮੀਡੀਆ ਟੀਮ ਨੇ ਉਸ ਵੀਡੀਓ ਨੂੰ ਵੀ ਹਟਾ ਦਿੱਤਾ ਸੀ।ਇਸ ਤੋਂ ਬਾਅਦ 17 ਮਈ ਨੂੰ ਲਖਨਊ ਸੁਪਰ ਜਾਇੰਟਸ ਦੇ ਖਿਲਾਫ ਮੁੰਬਈ ਦੇ ਮੈਚ ਤੋਂ ਪਹਿਲਾਂ ਰੋਹਿਤ ਮੁੰਬਈ ਇੰਡੀਅਨਜ਼ ਦੇ ਸਾਬਕਾ ਖਿਡਾਰੀ ਧਵਲ ਕੁਲਕਰਨੀ ਨਾਲ ਗੱਲ ਕਰ ਰਹੇ ਸਨ। ਗੱਲਬਾਤ ਨੂੰ ਰਿਕਾਰਡ ਹੁੰਦਾ ਦੇਖ ਕੇ ਉਸ ਨੇ ਹੱਥ ਜੋੜ ਕੇ ਬਰਾਡਕਾਸਟਰਾਂ ਨੂੰ ਆਡੀਓ ਬੰਦ ਕਰਨ ਦੀ ਬੇਨਤੀ ਕੀਤੀ। ਉਸ ਨੇ ਕਿਹਾ ਸੀ, 'ਭਾਈ, ਆਡੀਓ ਬੰਦ ਕਰੋ, 'ਪਹਿਲਾਂ ਹੀ' ਇਕ ਆਡੀਓ ਨੇ ਮੇਰੀ ਨੀਂਦ ਉਡਾ ਦਿੱਤੀ ਹੈ। ਰੋਹਿਤ ਦੀ ਕਪਤਾਨੀ 'ਚ ਭਾਰਤੀ ਟੀਮ ਅਗਲੇ ਮਹੀਨੇ ਅਮਰੀਕਾ ਅਤੇ ਵੈਸਟਇੰਡੀਜ਼ 'ਚ ਟੀ-20 ਵਿਸ਼ਵ ਕੱਪ ਖੇਡੇਗੀ। ਆਈਪੀਐਲ ਦੇ ਇਸ ਸੀਜ਼ਨ ਵਿੱਚ, ਉਸ ਨੂੰ ਪੰਜ ਵਾਰ ਦੀ ਚੈਂਪੀਅਨ ਮੁੰਬਈ ਇੰਡੀਅਨਜ਼ ਦੀ ਕਪਤਾਨੀ ਤੋਂ ਹਟਾ ਦਿੱਤਾ ਗਿਆ ਸੀ ਅਤੇ ਕਮਾਨ ਹਾਰਦਿਕ ਪੰਡਯਾ ਨੂੰ ਸੌਂਪ ਦਿੱਤੀ ਗਈ ਸੀ, ਪਰ ਟੀਮ ਆਖਰੀ ਸਥਾਨ 'ਤੇ ਰਹਿ ਕੇ ਪਲੇਆਫ ਵਿੱਚ ਥਾਂ ਨਹੀਂ ਬਣਾ ਸਕੀ ਸੀ।

# ਧੋਨੀ ਸੀ. ਐੱਸ. ਕੇ. ਪਰਿਵਾਰ ਦਾ ਹਿੱਸਾ ਜਾਂ ਮੈਂਟੋਰ ਨਹੀਂ ਰਹੇਗਾ ਤਾਂ ਮੈਨੂੰ ਹੈਰਾਨੀ ਹੋਵੇਗੀ



ਧੋਨੀ ਨੇ ਮੌਜੂਦਾ ਸੈਸ਼ਨ ਵਿਚ 220.55 ਦੀ ਸ਼ਾਨਦਾਰ ਸਟ੍ਰਾਈਕ ਰੇਟ ਨਾਲ ਤੇ 53.67 ਦੀ ਔਸਤ ਨਾਲ 161 ਦੌੜਾਂ ਬਣਾਈਆਂ। ਉਹ ਹੁਣ ਤਕ ਇਸ ਆਈ. ਪੀ. ਐੱਲ. ਦਾ ਸਭ ਤੋਂ ਵੱਡਾ ਖਿੱਚ ਦਾ ਕੇਂਦਰ ਰਿਹਾ ਹੈ ਤੇ ਹਰ ਮੈਦਾਨ ਵਿਚ ਵੱਡੀ ਗਿਣਤੀ ਵਿਚ ਉਸਦੇ ਪ੍ਰਸ਼ੰਸਕ ਪਹੁੰਚ ਰਹੇ ਸਨ। ਚੇਨਈ ਸੁਪਰ ਕਿੰਗਜ਼ ਲਈ ਆਈ. ਪੀ. ਐੱਲ. ਵਿਚ ਖੇਡ ਚੁਰਕੇ ਸਾਬਕਾ ਸਲਾਮੀ ਬੱਲੇਬਾਜ਼ ਹੈਡਿਨ ਨੇ ਕਿਹਾ ਕਿ ਧੋਨੀ ਅਗਲੇ ਸੈਸ਼ਨ ਵਿਚ ਜੇਕਰ ਸੀ. ਐੱਸ. ਕੇ. ਦਾ ਹਿੱਸਾ ਜਾਂ ਮੈਂਟੋਰ ਨਹੀਂ ਹੋਵੇਗਾ ਤਾਂ ਉਸ ਨੂੰ ਕਾਫੀ ਹੈਰਾਨੀ ਹੋਵੇਗੀ।

ਹੈਡਿਨ ਨੇ ਕਿਹਾ,‘‘ਮੈਨੂੰ ਲੱਗਦਾ ਹੈ ਕਿ ਧੋਨੀ ਨੇ ਆਪਣਾ ਆਖਰੀ ਮੈਚ ਖੇਡ ਲਿਆ ਹੈ। ਅਜਿਹਾ ਨਹੀਂ ਹੈ ਕਿ ਅਸੀਂ ਆਈ. ਪੀ.ਐੱਲ. ਵਿਚ ਧੋਨੀ ਨੂੰ ਆਖਰੀ ਵਾਰ ਦੇਖ ਰਹੇ ਹਾਂ। ਮੈਨੂੰ ਬਹੁਤ ਹੈਰਾਨੀ ਹੋਵੇਗੀ ਜੇਕਰ ਉਹ ਅਧਿਕਾਰਤ ਸਮਰੱਥਾ ਵਿਚ ਸੀ. ਐੱਸ. ਕੇ. ਪਰਿਵਾਰ ਦਾ ਮਾਰਗਦਰਸ਼ਨ ਨਹੀਂ ਕਰੇਗਾ ਜਾਂ ਉਸਦਾ ਹਿੱਸਾ ਨਹੀਂ ਬਣੇਗਾ।’’ ਉਸ ਨੇ ਕਿਹਾ,‘‘ਜਦੋਂ ਤੁਸੀਂ ਕਿਸੇ ਦੇ ਕਰੀਅਰ ਦਾ ਅੰਤ ਹੁੰਦਾ ਦੇਖ ਰਹੇ ਹੁੰਦੇ ਹੋ ਤਾਂ ਤੁਸੀਂ ਇਹ ਨਹੀਂ ਚਾਹੁੰਦੇ ਕਿ ਉਸ ਖਿਡਾਰੀ ਨੂੰ ਅਸਫਲਤਾ ਦੇ ਨਾਲ ਵਿਦਾਈ ਮਿਲੇ।’’

ਆਸਟ੍ਰੇਲੀਆ ਦੇ ਸਾਬਕਾ ਧਾਕੜ ਮੈਥਿਊ ਹੈਡਿਨ ਦਾ ਮੰਨਣਾ ਹੈ ਕਿ ਚਮਤਕਾਰੀ ਵਿਕਟਕੀਪਰ ਬੱਲੇਬਾਜ਼ ਮਹਿੰਦਰ ਸਿੰਘ ਧੋਨੀ ਨੇ ਇੰਡੀਅਨ ਪ੍ਰੀਮੀਅਰ ਲੀਗ (ਆਈ. ਪੀ. ਐੱਲ.) ਵਿਚ ਆਪਣਾ ਆਖਰੀ ਮੈਚ ਖੇਡ ਲਿਆ ਹੈ ਪਰ ਉਹ ਚੇਨਈ ਸੁਪਰ ਕਿੰਗਜ਼ (ਸੀ. ਐੱਸ. ਕੇ.) ਦੇ ਨਾਲ ਕਿਸੇ ਭੂਮਿਕਾ ਵਿਚ ਜੁੜਿਆ ਰਹੇਗਾ। ਸੀ. ਐੱਸ. ਕੇ. ਦਾ ਇਸ ਆਈ. ਪੀ. ਐੱਲ. ਵਿਚ ਸ਼ੁੱਕਰਵਾਰ ਨੂੰ ਆਪਣੇ ਆਖਰੀ ਲੀਗ ਮੈਚ ਵਿਚ ਰਾਇਲ ਚੈਲੰਜਰਜ਼ ਬੈਂਗਲੁਰੂ ਹੱਥੋਂ ਹਾਰ ਤੋਂ ਬਾਅਦ ਸਫਰ ਖਤਮ ਹੋ ਗਿਆ। ਇਸ ਮੈਚ ਵਿਚ ਧੋਨੀ ਨੇ 13 ਗੇਂਦਾਂ ਵਿਚ 25 ਦੌੜਾਂ ਦੀ ਧਮਾਕੇਦਾਰ ਪਾਰੀ ਖੇਡੀ ਪਰ ਉਹ ਟੀਮ ਨੂੰ ਪਲੇਅ ਆਫ ਵਿਚ ਪਹੁੰਚਾਉਣ ਲਈ ਕਾਫੀ ਨਹੀਂ ਸੀ। ਜਿੱਤ ਲਈ 219 ਦੌੜਾਂ ਦੇ ਟੀਚੇ ਦਾ ਪਿੱਛਾ ਕਰਦੇ ਹੋਏ ਚੇਨਈ ਨੂੰ ਪਲੇਅ ਆਫ ਵਿਚ ਪਹੁੰਚਣ ਲਈ 201 ਦੌੜਾਂ ਦੀ ਲੋੜ ਸੀ ਪਰ ਟੀਮ 7 ਵਿਕਟਾਂ ’ਤੇ 191 ਦੌੜਾਂ ਹੀ ਬਣਾ ਸਕੀ। ਆਖਰੀ ਓਵਰ ਦੌਰਾਨ ਆਖਰੀ-4 ਵਿਚ ਪਹੁੰਚਣ ਲਈ ਟੀਮ ਨੂੰ 17 ਦੌੜਾਂ ਦੀ ਲੋੜ ਸੀ। ਧੋਨੀ ਨੇ ਯਸ਼ ਦਿਆਲ ਦੀ ਗੇਂਦ ’ਤੇ ਇਸ ਸੈਸ਼ਨ ਦਾ ਸਭ ਤੋਂ ਲੰਬਾ 110 ਮੀਟਰ ਦਾ ਛੱਕਾ ਲਾ ਕੇ ਚੇਨਈ ਦੀਆਂ ਉਮੀਦਾਂ ਬਰਕਰਾਰ ਰੱਖੀਆਂ ਸਨ ਪਰ ਉਹ ਅਗਲੀ ਗੇਂਦ ’ਤੇ ਆਊਟ ਹੋ ਗਿਆ। ਇਸ ਤੋਂ ਬਾਅਦ ਟੀਮ ਚਾਰ ਗੇਂਦਾਂ ਵਿਚ ਸਿਰਫ ਇਕ ਦੌੜ ਹੀ ਬਣਾ ਸਕੀ।

# ਪਰੀ ਬਣਕੇ ਪੁੱਜੀ ਉਰਵਸ਼ੀ ਰੌਤੇਲਾ, ਗਲੇ ਦਾ ਹਾਰ ਬਣਿਆ ਖਿੱਚ ਦਾ ਕੇਂਦਰ

ਅਦਾਕਾਰਾ ਉਰਵਸ਼ੀ ਰੌਤੇਲਾ ਕਿਤੇ ਜਾਵੇ ਅਤੇ ਲਾਈਮਲਾਈਟ 'ਚ ਨਾ ਆਵੇ , ਅਜਿਹਾ ਕਿਵੇਂ ਹੋ ਸਕਦਾ ਹੈ? ਉਹ ਇਨ੍ਹੀਂ ਦਿਨੀਂ ਫਰਾਂਸ ਵਿੱਚ ਹੈ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਉਹ ਕਾਨਸ ਫ਼ਿਲਮ ਫੈਸਟੀਵਲ 'ਚ ਆਪਣੀ ਛਾਪ ਛੱਡ ਰਹੀ ਹੈ। ਅਦਾਕਾਰਾ ਦਾ ਪਹਿਲਾਂ ਲੁੱਕ ਕਾਨਸ ਦੀ ਓਪਨਿੰਗ ਸੇਰੈਮਨੀ 'ਚ ਸਾਹਮਣੇ ਆਇਆ ਸੀ।ਇਸ ਦੌਰਾਨ ਉਨ੍ਹਾਂ ਨੇ ਪਿੰਕ ਰੰਗ ਦਾ ਗਾਊਨ ਪਾਇਆ ਹੋਇਆ ਸੀ ।ਅਤੇ ਅਗਲੇ ਦਿਨ ਲਾਲ ਰੰਗ ਦੇ ਖੂਬਸੂਰਤ ਆਫ ਸ਼ਾਲਡਰ ਗਾਊਨ 'ਚ ਨਜ਼ਰ ਆਈ। ਜਦੋਂ ਉਹ ਤੀਜੇ ਦਿਨ ਰੈੱਡ ਕਾਰਪਟ 'ਤੇ ਉਤਰੀ ਤਾਂ ਹਰ ਪਾਸੇ ਚਰਚਾ ਹੋਣ ਲੱਗ ਪਈ। ਦੱਸ ਦਈਏ ਕਿ 77ਵੇਂ ਕਾਨਸ ਫ਼ਿਲਮ ਫੈਸਟੀਵਲ ਦੇ ਤੀਜੇ ਦਿਨ ਉਰਵਸ਼ੀ ਰੌਤੇਲਾ ਨੇ ਨੀਲੇ ਰੰਗ ਦਾ ਡਿਜ਼ਾਈਨਰ ਗਾਊਨ ਪਾਇਆ ਹੋਇਆ ਸੀ। ਜਿਸ 'ਚ ਉਹ ਕਿਸੇ ਅਪਸਰਾ ਤੋਂ ਘੱਟ ਨਹੀਂ ਲੱਗ ਰਹੀ ਸੀ। ਲੋਕ ਉਸ ਦੀ ਤਾਰੀਫ਼ ਵੀ ਕਰ ਰਹੇ ਸਨ।ਪਰ ਕਈਆਂ ਦੀਆਂ ਨਜ਼ਰਾਂ ਉਸ ਦੀ ਗਰਦਨ 'ਤੇ ਹੀ ਟਿਕੀਆਂ ਹੋਈਆਂ ਸਨ ਕਿਉਂਕਿ ਉਸ ਦੀ ਖੂਬਸੂਰਤੀ ਤੋਂ ਜ਼ਿਆਦਾ ਉਸ ਦੀ ਗਰਦਨ ਸਭ ਦਾ ਧਿਆਨ ਆਪਣੇ ਵੱਲ ਖਿੱਚ ਰਹੀ ਸੀ। ਕਿਉਂਕਿ ਉਸ ਨੇ ਗੁਲਾਬੀ ਰੰਗ ਦਾ ਨੈੱਕਲੈੱਸ ਪਾਇਆ ਹੋਇਆ ਸੀ ਜੋ ਕਿ ਬਹੁਤ ਹੀ ਖੂਬਸੂਰਤ ਲੱਗ ਰਿਹਾ ਸੀ।





# ਯਾਮੀ ਗੌਤਮ ਅਤੇ ਆਦਿਤਿਆ ਧਰ ਦੇ ਘਰ ਗੂੰਜੀਆਂ ਕਿਲਕਾਰੀਆ, ਪਤਨੀ ਨੇ ਦਿੱਤਾ ਪੁੱਤਰ ਨੂੰ ਜਨਮ

ਬਾਲੀਵੁੱਡ ਅਦਾਕਾਰਾ ਯਾਮੀ ਗੌਤਮ ਅਤੇ ਆਦਿਤਿਆ ਧਰ ਨੇ ਆਪਣੇ ਘਰ ਨੰਨ੍ਹੇ ਮਹਿਮਾਨ ਦਾ ਸਵਾਗਤ ਕੀਤਾ ਹੈ। ਅਦਾਕਾਰਾ ਇੱਕ ਬੇਟੇ ਦੀ ਮਾਂ ਬਣ ਗਈ ਹੈ। ਜਦੋਂ ਤੋਂ ਅਦਾਕਾਰਾ ਨੇ ਮਾਂ ਬਣਨ ਦਾ ਐਲਾਨ ਕੀਤਾ ਸੀ ਪ੍ਰਸ਼ੰਸਕ ਉਦੋਂ ਤੋਂ ਉਸ ਦੇ ਖਾਸ ਦਿਨ ਦਾ ਇੰਤਜ਼ਾਰ ਕਰ ਰਹੇ ਸਨ। ਉਸ ਨੇ ਇੰਸਟਾਗ੍ਰਾਮ 'ਤੇ ਦੱਸਿਆ ਕਿ ਉਸ ਨੇ ਅਕਸ਼ੈ ਤ੍ਰਿਤੀਆ ਦੇ ਦਿਨ ਬੇਟੇ ਨੂੰ ਜਨਮ ਦਿੱਤਾ। ਅਭਿਨੇਤਰੀ ਨੇ ਆਪਣੇ ਬੇਟੇ ਨੂੰ ਇੱਕ ਯੂਨੀਕ ਨਾਂ ਦਿੱਤਾ ਹੈ, ਜਿਸ ਦਾ ਮਤਲਬ ਵੀ ਯੂਨੀਕ ਹੈ। ਦੱਸ ਦਈਏ ਕਿ ਆਪਣੀ ਪਿਛਲੀ ਫਿਲਮ 'ਆਰਟੀਕਲ 370' ਦੇ ਟ੍ਰੇਲਰ ਲਾਂਚ 'ਤੇ ਨਿਰਦੇਸ਼ਕ ਪਤੀ ਆਦਿਤਿਆ ਧਰ ਨਾਲ ਆਪਣੇ ਗਰਭਵਤੀ ਹੋਣ ਦਾ ਐਲਾਨ ਕੀਤਾ ਸੀ। ਹੁਣ ਜਿਵੇਂ ਹੀ ਆਦਿਤਿਆ ਧਰ ਨੇ ਸੋਸ਼ਲ ਮੀਡੀਆ 'ਤੇ ਇਸ ਖੁਸ਼ਖਬਰੀ ਬਾਰੇ ਦੱਸਿਆ ਤਾਂ ਉਨ੍ਹਾਂ ਨੂੰ ਲਗਾਤਾਰ ਵਧਾਈਆਂ ਮਿਲ ਰਹੀਆਂ ਹਨ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਲਿਖਿਆ, 'ਅਸੀਂ ਸੂਰਿਆ ਹਸਪਤਾਲ ਦੇ ਸਮਰਪਿਤ ਡਾਕਟਰਾਂ, ਖਾਸ ਤੌਰ 'ਤੇ ਡਾ: ਭੁਪੇਂਦਰ ਅਵਸਥੀ ਅਤੇ ਡਾ: ਰੰਜਨਾ ਧਨੂ ਦਾ ਦਿਲੋਂ ਧੰਨਵਾਦ ਕਰਨਾ ਚਾਹੁੰਦੇ ਹਾਂ, ਜਿਨ੍ਹਾਂ ਨੇ ਸਾਡਾ ਇਸ ਪਲ 'ਚ ਸਾਥ ਦਿੱਤਾ।ਅਸੀਂ ਆਪਣੇ ਬੇਟੇ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹਾਂ ਅਤੇ ਅਸੀਂ ਉਮੀਦ ਅਤੇ ਵਿਸ਼ਵਾਸ ਨਾਲ ਭਰਪੂਰ ਹਾਂ ਕਿ ਉਹ ਦੇਸ਼ ਲਈ ਮਾਣ ਦਾ ਪ੍ਰਤੀਕ ਬਣੇਗਾ।



ਦੱਸਣਯੋਗ ਹੈ ਕਿ ਉਨ੍ਹਾਂ ਨੇ ਪੋਸਟ 'ਚ ਦੱਸਿਆ ਕਿ ਬੇਟੇ ਦਾ ਨਾਂ 'ਵੇਦਵਿਦ' ਰੱਖਿਆ ਹੈ, ਜਿਸ ਦਾ ਮਤਲਬ ਹੈ 'ਵੇਦਾਂ ਨੂੰ ਜਾਣਨ ਵਾਲਾ'। ਵੇਦਵਿਦ ਇੱਕ ਸੰਸਕ੍ਰਿਤ ਨਾਮ ਹੈ, ਜੋ ਵੇਦ ਅਤੇ ਵਿਦ ਤੋਂ ਬਣਿਆ ਹੈ। 'ਵੇਦਵਿਦ' ਵੀ ਭਗਵਾਨ ਵਿਸ਼ਨੂੰ ਦਾ ਇੱਕ ਨਾਮ ਹੈ। ਆਦਿਤਿਆ ਧਰ ਦੀ ਇਸ ਪੋਸਟ 'ਤੇ ਸੈਲੇਬਸ ਕਾਫ਼ੀ ਪਿਆਰ ਬਰਸਾ ਰਹੇ ਹਨ ਅਤੇ ਦੋਵਾਂ ਨੂੰ ਵਧਾਈ ਦੇ ਰਹੇ ਹਨ। ਰਣਵੀਰ ਸਿੰਘ, ਆਯੁਸ਼ਮਾਨ ਖੁਰਾਨਾ, ਮ੍ਰਿਣਾਲ ਠਾਕੁਰ, ਰਾਸ਼ੀ ਖੰਨਾ ਸਮੇਤ ਕਈ ਸਿਤਾਰਿਆਂ ਨੇ ਉਨ੍ਹਾਂ ਨੂੰ ਵਧਾਈ ਦਿੱਤੀ ਹੈ।

# ਗਲੋਬਲ ਸਟਾਰ ਦਿਲਜੀਤ ਦੋਸਾਂਝ ਇਸ ਸ਼ਖਸ ਨੂੰ ਵੇਖ ਭੱਜੇ ਪੁੱਠੇ ਪੈਰੀਂ, ਵਜ੍ਹਾ ਜਾਣ ਨਿਕਲੇਗਾ ਹਾਸਾ

ਗਲੋਬਲ ਸਟਾਰ ਦਿਲਜੀਤ ਦੋਸਾਂਝ ਨੇ ਹਾਲ ਹੀ 'ਚ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਇਕ ਵੀਡੀਓ ਪੋਸਟ ਕੀਤੀ ਹੈ, ਜਿਸ ਦੀ ਚਰਚਾ ਹਰ ਪਾਸੇ ਹੋ ਰਹੀ ਹੈ। ਦਰਅਸਲ, ਇਸ ਵੀਡੀਓ 'ਚ ਦਿਲਜੀਤ ਇੱਕ ਸ਼ਖਸ ਕੋਲੋਂ ਡਰ ਪੁੱਠੇ ਪੈਰੀ ਭੱਜਦੇ ਹੋਏ ਦਿਖਾਈ ਦੇ ਰਹੇ ਹਨ। ਹੁਣ ਇਹ ਵੀਡੀਓ ਵੇਖ ਕੇ ਫੈਨਜ਼ ਸੋਚ ਰਹੇ ਹਨ ਕਿ ਆਖਿਰ ਦਿਲਜੀਤ ਨੇ ਅਜਿਹਾ ਕਿਉਂ ਕੀਤਾ? ਉਨ੍ਹਾਂ ਨੇ ਅਜਿਹਾ ਕੀ ਵੇਖ ਲਿਆ, ਜਿਸ ਕਾਰਨ ਉਨ੍ਹਾਂ ਨੂੰ ਭੱਜਣਾ ਪੈ ਗਿਆ। ਦਰਅਸਲ, ਇਸ ਵੀਡੀਓ 'ਚ ਦਿਲਜੀਤ ਦੋਸਾਂਝ ਦੇ ਪਿੱਛੇ ਮਸ਼ਹੂਰ ਫੋਟੋਗ੍ਰਾਫਰ ਸੁਤੇਜ ਸਿੰਘ ਪੰਨੂ ਭੱਜਦਾ ਹੋਇਆ ਨਜ਼ਰ ਆ ਰਿਹਾ ਹੈ। ਸੁਤੇਜ ਨੂੰ ਜ਼ਿਆਦਾਤਰ ਬਜ਼ੁਰਗ ਲੋਕਾਂ ਦੀਆਂ ਵੀਡੀਓ ਅਤੇ ਤਸਵੀਰਾਂ ਸ਼ੇਅਰ ਕਰਦਾ ਹੈ। ਜਿਵੇਂ ਹੀ ਦਿਲਜੀਤ ਦੋਸਾਂਝ ਨੇ ਫੋਟੋਗ੍ਰਾਫਰ ਸੁਤੇਜ ਸਿੰਘ ਨੂੰ ਵੇਖਿਆ ਤਾਂ ਪੁੱਠੇ ਪੈਰੀਂ ਭੱਜਣ ਲੱਗੇ। ਅਜਿਹਾ ਕਰਦੇ ਸਮੇਂ ਦਿਲਜੀਤ ਦੋਸਾਂਝ ਦਾ ਹਾਸਾ ਨਿਕਲ ਜਾਂਦਾ ਹੈ ਅਤੇ ਉਹ ਆਖਦੇ ਹਨ ਕਿ ਤੁਸੀ ਬਜ਼ੁਰਗਾਂ ਦੀਆਂ ਪਿਆਰੀਆਂ-ਪਿਆਰੀਆਂ ਤਸਵੀਰਾਂ ਲੈਂਦੇ ਹੋ ਪਰ ਮੈਂ ਬਜ਼ੁਰਗ ਨਹੀਂ। ਦੋਸਾਂਝਾਵਾਲਾ ਫੋਟੋਗ੍ਰਾਫਰ ਨੂੰ ਕਹਿੰਦਾ ਹੈ ਕਿ ਤੁਸੀਂ 40 ਸਾਲ ਬਾਅਦ ਆਉਣਾ। ਵਰਕਫਰੰਟ ਦੀ ਗੱਲ ਕਰੀਏ ਤਾਂ ਦਿਲਜੀਤ ਦੋਸਾਂਝ ਜਲਦ ਹੀ ਫ਼ਿਲਮ 'ਜੱਟ ਐਂਡ ਜੂਲੀਅਟ 3' 'ਚ ਨਜ਼ਰ ਆਉਣ ਵਾਲੇ ਹਨ।



ਇਸ ਫ਼ਿਲਮ 'ਚ ਉਹ ਇੱਕ ਵਾਰ ਮੁੜ ਨੀਰੂ ਬਾਜਵਾ ਨਾਲ ਸਕ੍ਰੀਨ ਸ਼ੇਅਰ ਕਰਦੇ ਨਜ਼ਰ ਆਉਣਗੇ। ਇਸ ਤੋਂ ਇਲਾਵਾ ਇਸ 'ਚ ਅਦਾਕਾਰਾ ਜੈਸਮੀਨ ਬਾਜਵਾ ਵੀ ਵਿਖਾਈ ਦੇਵੇਗੀ। ਇਹ ਫ਼ਿਲਮ 28 ਜੂਨ ਨੂੰ ਸਿਨੇਮਾਘਰਾਂ 'ਚ ਰਿਲੀਜ਼ ਹੋ ਰਹੀ ਹੈ। ਉਥੇ ਹੀ ਦਿਲਜੀਤ ਦੋਸਾਂਝ ਦੀ ਫ਼ਿਲਮ 'ਰੰਨਾਂ 'ਚ ਧੰਨਾ' ਨੂੰ ਰੱਦ ਕਰ ਦਿੱਤਾ ਹੈ। ਖ਼ਬਰਾਂ ਹਨ ਕਿ ਇਸ ਫ਼ਿਲਮ ਨੂੰ ਨਹੀਂ ਬਣਾਇਆ ਜਾਵੇਗਾ। ਇਸ ਬਾਰੇ ਪੰਜਾਬੀ ਫ਼ਿਲਮ ਨਿਰਦੇਸ਼ਕ ਅਮਰਜੀਤ ਸਿੰਘ ਸਰਾਓ ਨੇ ਵੱਡਾ ਖੁਲਾਸਾ ਕੀਤਾ ਹੈ। ਦਰਅਸਲ, ਉਨ੍ਹਾਂ ਪੋਸਟ ਸ਼ੇਅਰ ਕਰ ਲਿਖਿਆ, ''ਮੈਂ ਇੱਕ ਪੋਸਟ ਪਾਈ ਸੀ ਕੱਲ੍ਹ ਪਰਸੋਂ...ਕੀ 'ਰੰਨਾਂ 'ਚ ਧੰਨਾ' ਅਸੀ ਨਹੀਂ ਬਣਾ ਰਹੇ। ਉਸ ਦਾ ਬਸ ਇਹੀ ਮਤਲਬ ਸੀ ਕਿ ਅਸੀਂ ਕੁਝ 3 ਮਹੀਨੇ ਪਹਿਲਾਂ ਫੈਸਲਾ ਕਰ ਲਿਆ ਸੀ ਕਿ ਫ਼ਿਲਮ ਨਾ ਕਰਨ ਦਾ।

# NSW 'ਚ ਘਰੇਲੂ ਹਿੰਸਾ ਦੀ ਕਾਰਵਾਈ 'ਚ 500 ਤੋਂ ਵੱਧ ਗ੍ਰਿਫ਼ਤਾਰ




ਆਸਟ੍ਰੇਲੀਆ ਵਿਖੇ ਨਿਊ ਸਾਊਥ ਵੇਲਜ਼ (NSW) ਵਿੱਚ ਘਰੇਲੂ ਹਿੰਸਾ ਨੂੰ ਨਿਸ਼ਾਨਾ ਬਣਾਉਂਦੇ ਹੋਏ ਚਾਰ ਦਿਨਾਂ ਦੀ ਕਾਰਵਾਈ ਦੌਰਾਨ 550 ਤੋਂ ਵੱਧ ਲੋਕਾਂ ਨੂੰ ਚਾਰਜ ਕੀਤਾ ਗਿਆ। ਓਪਰੇਸ਼ਨ ਅਮਰੋਕ VI ਪਿਛਲੇ ਬੁੱਧਵਾਰ ਤੋਂ ਸ਼ਨੀਵਾਰ ਤੱਕ ਚੱਲਿਆ, ਜਿਸ ਦੌਰਾਨ ਪੁਲਸ ਨੇ 554 ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਕੁੱਲ 1070 ਦੋਸ਼ ਲਗਾਏ। ਇਨ੍ਹਾਂ ਗ੍ਰਿਫਤਾਰੀਆਂ ਵਿੱਚੋਂ 226 ਪੁਲਸ ਨੂੰ ਘਰੇਲੂ ਹਿੰਸਾ ਦੇ ਗੰਭੀਰ ਅਪਰਾਧਾਂ ਲਈ ਲੋੜੀਂਦੇ ਸਨ। ਪੁਲਸ ਮੰਤਰੀ ਯਾਸਮੀਨ ਕੈਟਲੇ ਨੇ ਕਿਹਾ, "ਜੋ ਕੋਈ ਵੀ ਇਸ ਘਿਨਾਉਣੇ ਅਪਰਾਧ ਨੂੰ ਕਰਦਾ ਹੈ, ਉਹ ਸਜ਼ਾ ਦਾ ਹੱਕਦਾਰ ਹੈ।" ਯਾਸਮੀਨ ਮੁਤਾਬਕ ਆਪਰੇਸ਼ਨ ਅਮਰੋਕ ਪੁਲਸ ਦੀ ਪ੍ਰਤੀਕਿਰਿਆ ਦਾ ਸਿਰਫ਼ ਇੱਕ ਹਿੱਸਾ ਹੈ। ਪਿਛਲੇ ਸਾਲ ਘਰੇਲੂ ਹਿੰਸਾ ਨਾਲ ਸਬੰਧਤ ਮਾਮਲਿਆਂ ਲਈ NSWPF ਨੂੰ ਸਹਾਇਤਾ ਲਈ ਲਗਭਗ 150,000 ਕਾਲਾਂ ਕੀਤੀਆਂ ਗਈਆਂ ਸਨ। ਇਹ ਸਥਿਤੀ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿੱਚ ਇੱਕ 53 ਸਾਲਾ ਵਿਅਕਤੀ ਸ਼ਾਮਲ ਹੈ ਜਿਸਨੇ ਕੰਪਸੀ ਵਿੱਚ ਇੱਕ ਔਰਤ ਨੂੰ ਕਥਿਤ ਤੌਰ 'ਤੇ ਨਕਲੀ ਬੰਦੂਕ ਨਾਲ ਧਮਕਾਇਆ ਸੀ ਅਤੇ ਇੱਕ 16 ਸਾਲਾ ਕੁੜੀ ਜਿਸ ਨੇ ਲਿਵਰਪੂਲ, ਸਿਡਨੀ ਵਿੱਚ ਕਥਿਤ ਤੌਰ 'ਤੇ ਦੋ ਲੋਕਾਂ 'ਤੇ ਹਮਲਾ ਕੀਤਾ ਸੀ। ਇੱਕ ਕਥਿਤ ਹਮਲੇ ਲਈ ਕੁਈਨਜ਼ਲੈਂਡ ਤੋਂ ਇੱਕ ਆਦਮੀ ਦੀ ਵੀ ਹਵਾਲਗੀ ਕੀਤੀ ਜਾਵੇਗੀ, ਜਿਸ ਵਿਚ ਇਸ ਮਹੀਨੇ ਦੇ ਸ਼ੁਰੂ ਵਿੱਚ ਇੱਕ ਸਿਡਨੀ ਔਰਤ ਨੂੰ ਟੁੱਟੀਆਂ ਪਸਲੀਆਂ, ਚਿਹਰੇ ਦੀਆਂ ਸੱਟਾਂ ਨਾਲ ਪਾਇਆ ਗਿਆ ਸੀ। ਡਿਪਟੀ ਕਮਿਸ਼ਨਰ ਪੀਟਰ ਥਰਟੇਲ ਨੇ ਕਿਹਾ, "ਇਹ ਅਮਰੋਕ VI ਨਤੀਜੇ ਅਪਰਾਧੀਆਂ ਅਤੇ ਵੱਡੇ ਪੱਧਰ 'ਤੇ ਭਾਈਚਾਰੇ ਨੂੰ ਇੱਕ ਸ਼ਕਤੀਸ਼ਾਲੀ ਸੰਦੇਸ਼ ਦਿੰਦੇ ਹਨ ਕਿ ਅਸੀਂ ਕਿਸੇ ਵੀ ਰੂਪ ਵਿੱਚ ਘਰੇਲੂ ਅਤੇ ਪਰਿਵਾਰਕ ਹਿੰਸਾ ਨੂੰ ਬਰਦਾਸ਼ਤ ਨਹੀਂ ਕਰਦੇ ਅਤੇ ਸਾਡੇ ਯਤਨ ਜਾਰੀ ਰਹਿਣਗੇ।"

# NSW 'ਚ ਘਰੇਲੂ ਹਿੰਸਾ ਦੀ ਕਾਰਵਾਈ 'ਚ 500 ਤੋਂ ਵੱਧ ਗ੍ਰਿਫ਼ਤਾਰ

ਆਸਟ੍ਰੇਲੀਆ ਦੀ ਬੇਰੁਜ਼ਗਾਰੀ ਦਰ ਲਗਾਤਾਰ ਦੂਜੇ ਮਹੀਨੇ ਵਧ ਕੇ ਅਪ੍ਰੈਲ ਵਿੱਚ 4.1 ਫੀਸਦੀ ਹੋ ਗਈ| ਸਮਾਚਾਰ ਏਜੰਸੀ ਸਿਨਹੂਆ ਦੀ ਰਿਪੋਰਟ ਮੁਤਾਬਕ ਆਸਟ੍ਰੇਲੀਅਨ ਬਿਊਰੋ ਆਫ਼ ਸਟੈਟਿਸਟਿਕਸ (ਏ.ਬੀ.ਐਸ) ਦੁਆਰਾ ਵੀਰਵਾਰ ਨੂੰ ਜਾਰੀ ਕੀਤੇ ਗਏ ਅਧਿਕਾਰਤ ਅੰਕੜਿਆਂ ਅਨੁਸਾਰ ਬੇਰੁਜ਼ਗਾਰੀ ਦਰ ਮਾਰਚ ਵਿੱਚ 3.9 ਪ੍ਰਤੀਸ਼ਤ ਤੋਂ ਵਧ ਕੇ ਅਪ੍ਰੈਲ ਵਿੱਚ 4.1 ਪ੍ਰਤੀਸ਼ਤ ਹੋ ਗਈ, ਜੋ ਜਨਵਰੀ 2022 ਤੋਂ ਬਾਅਦ ਸਭ ਤੋਂ ਉੱਚੀ ਦਰ ਹੈ।
ਬੇਰੋਜ਼ਗਾਰੀ ਦਰ ਵਿੱਚ ਵਾਧਾ ਮਾਰਚ ਅਤੇ ਅਪ੍ਰੈਲ ਦੇ ਵਿਚਕਾਰ ਰੁਜ਼ਗਾਰ ਪ੍ਰਾਪਤ ਆਸਟ੍ਰੇਲੀਆਨਾਂ ਦੀ ਗਿਣਤੀ ਵਿੱਚ 38,500 ਲੋਕਾਂ ਦੇ ਵਾਧੇ ਦੇ ਬਾਵਜੂਦ ਹੋਇਆ ਹੈ, ਪਾਰਟ-ਟਾਈਮ ਅਹੁਦਿਆਂ ਵਿੱਚ 44,600 ਵਾਧੇ ਦੇ ਨਾਲ ਫੁੱਲ-ਟਾਈਮ ਭੂਮਿਕਾਵਾਂ ਵਿੱਚ 6,100 ਦੀ ਅੰਸ਼ਕ ਤੌਰ 'ਤੇ ਗਿਰਾਵਟ ਨਾਲ ਭਰਪਾਈ ਹੋਈ। ਇਸੇ ਮਿਆਦ ਵਿੱਚ ਬੇਰੁਜ਼ਗਾਰਾਂ ਦੀ ਗਿਣਤੀ ਭਾਵ ਉਹ ਜੋ ਕਰਮਚਾਰੀ ਨਹੀਂ ਹਨ ਪਰ ਸਰਗਰਮੀ ਨਾਲ ਕੰਮ ਦੀ ਤਲਾਸ਼ ਕਰ ਰਹੇ ਹਨ 30,300 ਤੋਂ ਵੱਧ ਕੇ 604,200 ਹੋ ਗਏ ਹਨ।



ਆਸਟ੍ਰੇਲੀਆ ਦੀ ਬੇਰੁਜ਼ਗਾਰੀ ਦਰ ਲਗਾਤਾਰ ਦੂਜੇ ਮਹੀਨੇ ਵਧ ਕੇ ਅਪ੍ਰੈਲ ਵਿੱਚ 4.1 ਫੀਸਦੀ ਹੋ ਗਈ| ਸਮਾਚਾਰ ਏਜੰਸੀ ਸਿਨਹੂਆ ਦੀ ਰਿਪੋਰਟ ਮੁਤਾਬਕ ਆਸਟ੍ਰੇਲੀਅਨ ਬਿਊਰੋ ਆਫ਼ ਸਟੈਟਿਸਟਿਕਸ (ਏ.ਬੀ.ਐਸ) ਦੁਆਰਾ ਵੀਰਵਾਰ ਨੂੰ ਜਾਰੀ ਕੀਤੇ ਗਏ ਅਧਿਕਾਰਤ ਅੰਕੜਿਆਂ ਅਨੁਸਾਰ ਬੇਰੁਜ਼ਗਾਰੀ ਦਰ ਮਾਰਚ ਵਿੱਚ 3.9 ਪ੍ਰਤੀਸ਼ਤ ਤੋਂ ਵਧ ਕੇ ਅਪ੍ਰੈਲ ਵਿੱਚ 4.1 ਪ੍ਰਤੀਸ਼ਤ ਹੋ ਗਈ, ਜੋ ਜਨਵਰੀ 2022 ਤੋਂ ਬਾਅਦ ਸਭ ਤੋਂ ਉੱਚੀ ਦਰ ਹੈ।
ਬੇਰੋਜ਼ਗਾਰੀ ਦਰ ਵਿੱਚ ਵਾਧਾ ਮਾਰਚ ਅਤੇ ਅਪ੍ਰੈਲ ਦੇ ਵਿਚਕਾਰ ਰੁਜ਼ਗਾਰ ਪ੍ਰਾਪਤ ਆਸਟ੍ਰੇਲੀਆਨਾਂ ਦੀ ਗਿਣਤੀ ਵਿੱਚ 38,500 ਲੋਕਾਂ ਦੇ ਵਾਧੇ ਦੇ ਬਾਵਜੂਦ ਹੋਇਆ ਹੈ, ਪਾਰਟ-ਟਾਈਮ ਅਹੁਦਿਆਂ ਵਿੱਚ 44,600 ਵਾਧੇ ਦੇ ਨਾਲ ਫੁੱਲ-ਟਾਈਮ ਭੂਮਿਕਾਵਾਂ ਵਿੱਚ 6,100 ਦੀ ਅੰਸ਼ਕ ਤੌਰ 'ਤੇ ਗਿਰਾਵਟ ਨਾਲ ਭਰਪਾਈ ਹੋਈ। ਇਸੇ ਮਿਆਦ ਵਿੱਚ ਬੇਰੁਜ਼ਗਾਰਾਂ ਦੀ ਗਿਣਤੀ ਭਾਵ ਉਹ ਜੋ ਕਰਮਚਾਰੀ ਨਹੀਂ ਹਨ ਪਰ ਸਰਗਰਮੀ ਨਾਲ ਕੰਮ ਦੀ ਤਲਾਸ਼ ਕਰ ਰਹੇ ਹਨ 30,300 ਤੋਂ ਵੱਧ ਕੇ 604,200 ਹੋ ਗਏ ਹਨ।

# ਨੇਪਾਲ ਦੇ ਪ੍ਰਧਾਨ ਮੰਤਰੀ ਪ੍ਰਚੰਡ ਨੇ ਸੰਸਦ 'ਚ ਹਾਸਲ ਕੀਤਾ ਭਰੋਸੇ ਦਾ ਵੋਟ

ਨੇਪਾਲ ਦੇ ਪ੍ਰਧਾਨ ਮੰਤਰੀ ਪੁਸ਼ਪਾ ਕਮਲ ਦਹਿਲ 'ਪ੍ਰਚੰਡ' ਨੇ ਸੋਮਵਾਰ ਨੂੰ ਸੰਸਦ ਵਿਚ ਵਿਸ਼ਵਾਸ ਮਤ ਜਿੱਤ ਲਿਆ, ਜੋ ਉਨ੍ਹਾਂ ਦੇ ਅਹੁਦਾ ਸੰਭਾਲਣ ਦੇ 18 ਮਹੀਨਿਆਂ ਦੇ ਅੰਦਰ ਉਨ੍ਹਾਂ ਦੀ ਚੌਥੀ ਸ਼ਕਤੀ ਪ੍ਰੀਖਿਆ ਸੀ। ਨੇਪਾਲ ਦੇ ਪ੍ਰਤੀਨਿਧ ਸਦਨ (HoR) ਦੀ ਤੀਜੀ ਸਭ ਤੋਂ ਵੱਡੀ ਪਾਰਟੀ ਕਮਿਊਨਿਸਟ ਪਾਰਟੀ ਆਫ ਨੇਪਾਲ (ਮਾਓਵਾਦੀ ਕੇਂਦਰ) ਦੇ ਆਗੂ ਪ੍ਰਚੰਡ (69) ਨੂੰ 275 ਮੈਂਬਰੀ ਪ੍ਰਤੀਨਿਧ ਸਦਨ ਵਿੱਚ 157 ਵੋਟਾਂ ਮਿਲੀਆਂ। ਕੁੱਲ 158 ਸੰਸਦ ਮੈਂਬਰਾਂ ਨੇ ਵੋਟਿੰਗ ਵਿੱਚ ਹਿੱਸਾ ਲਿਆ। ਮੁੱਖ ਵਿਰੋਧੀ ਪਾਰਟੀ ਨੇਪਾਲੀ ਕਾਂਗਰਸ ਨੇ ਵੋਟਿੰਗ ਪ੍ਰਕਿਰਿਆ ਦਾ ਬਾਈਕਾਟ ਕੀਤਾ। ਪ੍ਰਤੀਨਿਧ ਸਦਨ ਦਾ ਇੱਕ ਮੈਂਬਰ ਨਿਰਪੱਖ ਰਿਹਾ। ਤਾਕਤ ਦਾ ਇਹ ਪ੍ਰਦਰਸ਼ਨ ਪਿਛਲੇ ਹਫ਼ਤੇ ਗਠਜੋੜ ਦੀ ਭਾਈਵਾਲ ਜਨਤਾ ਸਮਾਜਵਾਦੀ ਪਾਰਟੀ (ਜੇ.ਐਸ.ਪੀ) ਵੱਲੋਂ ਗੱਠਜੋੜ ਸਰਕਾਰ ਤੋਂ ਆਪਣਾ ਸਮਰਥਨ ਵਾਪਸ ਲੈਣ ਤੋਂ ਕੁਝ ਦਿਨ ਬਾਅਦ ਆਇਆ ਹੈ। ਦਸੰਬਰ 2022 ਵਿੱਚ ਪ੍ਰਚੰਡ ਦੇ ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਇਹ ਚੌਥੀ ਵਾਰ ਹੈ ਜਦੋਂ ਸੰਸਦ ਵਿੱਚ ਭਰੋਸੇ ਦਾ ਵੋਟ ਹੋਇਆ ਹੈ। ਸੰਵਿਧਾਨਕ ਵਿਵਸਥਾਵਾਂ ਦੇ ਅਨੁਸਾਰ ਜੇਕਰ ਕੋਈ ਸਹਿਯੋਗੀ ਪਾਰਟੀ ਸੱਤਾਧਾਰੀ ਗਠਜੋੜ ਤੋਂ ਸਮਰਥਨ ਵਾਪਸ ਲੈ ਲੈਂਦੀ ਹੈ ਤਾਂ ਪ੍ਰਧਾਨ ਮੰਤਰੀ ਨੂੰ ਭਰੋਸੇ ਦਾ ਵੋਟ ਲੈਣਾ ਪੈਂਦਾ ਹੈ।



# ਮੈਲਬੌਰਨ 'ਚ ਜਸਮੀਤ ਸਿੰਘ ਪੰਨੂ ਨੇ ਚੋਣ ਮੁਹਿੰਮ ਦਾ ਕੀਤਾ ਆਗਾਜ਼

ਮੈਲਬੌਰਨ ਦੇ ਇਲਾਕੇ ਏੈਂਟਰੀ (ਵੁੱਡਲੀ) ਵਿੱਖੇ ਜਸਮੀਤ ਸਿੰਘ ਪੰਨੂ ਨੇ ਆਉਣ ਵਾਲੀਆਂ ਕੌਂਸਲ ਚੋਣਾਂ ਲਈ ਚੋਣ ਮੁਹਿੰਮ ਦਾ ਰਸਮੀ ਤੌਰ 'ਤੇ ਆਗਾਜ਼ ਕਰ ਦਿੱਤਾ ਹੈ। ਮੈਲਟਨ ਕੌਂਸਲ ਅਧੀਨ ਆਉਂਦੇ ਜੈਕਵੁੱਡ ਵਾਰਡ ਵਿੱਚੋਂ ਜਸਮੀਤ ਪੰਨੂ ਨੇ ਅਗਾਊ ਤੌਰ 'ਤੇ ਆਪਣੀ ਦਾਅਵੇਦਾਰੀ ਪੇਸ਼ ਕਰਕੇ ਚੋਣ ਮੁਹਿੰਮ ਦੀ ਸ਼ੁਰੂਆਤ ਕਰ ਦਿੱਤੀ ਹੈ, ਜਿਸ ਦੇ ਲਈ ਇੱਕ ਰਸਮੀ ਮਿਲਣੀ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਵੱਡੀ ਗਿਣਤੀ ਵਿੱਚ ਜੈਕਵੁੱਡ ਵਾਰਡ ਦੇ ਨਿਵਾਸੀਆਂ ਨੇ ਸ਼ਿਰਕਤ ਕੀਤੀ ਤੇ ਜਸਮੀਤ ਪੰਨੂ ਨੂੰ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਦੌਰਾਨ ਪੰਨੂ ਦੀ ਚੋਣ ਮੁਹਿਮ ਨੂੰ ਉਸ ਵੇਲੇ ਹੋਰ ਹੁੰਗਾਰਾ ਮਿਲਿਆ ਜਦੋਂ ਪਿਛਲੀ ਵਾਰ ਦੇ ਉਮੀਦਵਾਰਾਂ ਸਮੇਤ ਸਮੂਹ ਇਲਾਕਾ ਨਿਵਾਸੀਆਂ ਨੇ ਆਪਣਾ ਸਮਰਥਨ ਪੂਰੀ ਤਰ੍ਹਾਂ ਜਸਮੀਤ ਪੰਨੂ ਨੂੰ ਦੇਣ ਦਾ ਐਲਾਨ ਕੀਤਾ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ ਤੇ ਚੋਣਾਂ ਲਈ ਰਣਨੀਤੀ ਤੈਅ ਕੀਤੀ। ਜਸਮੀਤ ਪੰਨੂ ਨੇ ਭਾਈਚਾਰੇ ਵਲੋਂ ਮਿਲੇ ਇੰਨੇ ਵੱਡੇ ਸਮਰਥਨ ਨੂੰ ਲੈ ਕਿਹਾ ਕਿ ਉਹ ਹਮੇਸ਼ਾ ਦੀ ਤਰ੍ਹਾਂ ਕੌਂਸਲਰ ਦੀ ਜ਼ਿੰਮੇਵਾਰੀ ਮਿਲਣ 'ਤੇ ਵੀ ਆਪਣੀ ਜ਼ਿੰਮੇਵਾਰੀ ਹੋਰ ਤਨਦੇਹੀ ਨਾਲ ਨਿਭਾਉਣਗੇ।



# ਬਾਬਾ ਦੀਪ ਸਿੰਘ ਜੀ ਦੀ ਜੀਵਨੀ



ਅੰਮ੍ਰਿਤਸਰ ਦੀ ਜੰਗ: ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜੀਵਨ ਦਾ ਇੱਕ ਅਹਿਮ ਪਲ:ਅੰਮ੍ਰਿਤਸਰ ਦੀ ਲੜਾਈ, ਜੋ ਕਿ 1757 ਵਿੱਚ ਹੋਈ ਸੀ, ਸਿੱਖ ਇਤਿਹਾਸ ਦਾ ਇੱਕ ਜਲਵਾਯੂ ਪਲ ਹੈ ਅਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜੀਵਨ ਵਿੱਚ ਇੱਕ ਪਰਿਭਾਸ਼ਿਤ ਘਟਨਾ ਹੈ। ਬਾਬਾ ਦੀਪ ਸਿੰਘ ਜੀ ਦੀ ਭੂਮਿਕਾ ਦੀ ਮਹੱਤਤਾ ਨੂੰ ਸਮਝਣ ਲਈ ਲੜਾਈ ਨੂੰ ਲੈ ਕੇ ਜਾਣ ਵਾਲਾ ਇਤਿਹਾਸਕ ਸੰਦਰਭ ਬਹੁਤ ਮਹੱਤਵਪੂਰਨ ਹੈ।ਇਸ ਸਮੇਂ ਦੌਰਾਨ, ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਨੂੰ ਸਿੱਖ ਧਰਮ ਦੇ ਅਧਿਆਤਮਿਕ ਕੇਂਦਰ ਨੂੰ ਅਪਵਿੱਤਰ ਕਰਨ ਅਤੇ ਨਸ਼ਟ ਕਰਨ ਦੀ ਕੋਸ਼ਿਸ਼ ਕਰਨ ਵਾਲੀਆਂ ਬਾਹਰੀ ਤਾਕਤਾਂ ਤੋਂ ਖ਼ਤਰਾ ਸੀ। ਹਰਿਮੰਦਰ ਸਾਹਿਬ ਅਤੇ ਸਿੱਖ ਧਰਮ ਨਾਲ ਡੂੰਘੀ ਸਾਂਝ ਰੱਖਣ ਵਾਲੇ ਬਾਬਾ ਦੀਪ ਸਿੰਘ ਜੀ ਇਸ ਪਵਿੱਤਰ ਅਸਥਾਨ ਦੀ ਰੱਖਿਆ ਨੂੰ ਆਪਣਾ ਪਵਿੱਤਰ ਫਰਜ਼ ਸਮਝਦੇ ਸਨ।ਬਾਬਾ ਦੀਪ ਸਿੰਘ ਜੀ ਦਾ ਸ਼ਸਤਰ ਸੰਭਾਲਣ ਦਾ ਸੱਦਾ:ਹਰਿਮੰਦਰ ਸਾਹਿਬ ਨੂੰ ਆਉਣ ਵਾਲੇ ਖਤਰੇ ਬਾਰੇ ਪਤਾ ਲੱਗਣ 'ਤੇ, ਬਾਬਾ ਦੀਪ ਸਿੰਘ ਜੀ, ਆਪਣੇ ਉੱਨਤ ਸਾਲਾਂ ਦੇ ਹੋਣ ਦੇ ਬਾਵਜੂਦ, ਸਿੱਖਾਂ ਦੇ ਇੱਕ ਸਮੂਹ ਨੂੰ ਆਪਣੇ ਪਵਿੱਤਰ ਅਸਥਾਨ ਦੀ ਰੱਖਿਆ ਲਈ ਇਕੱਠੇ ਹੋਏ। ਹਥਿਆਰਾਂ ਦੀ ਪੁਕਾਰ ਕੇਵਲ ਇੱਕ ਸਰੀਰਕ ਖਤਰੇ ਦਾ ਹੁੰਗਾਰਾ ਨਹੀਂ ਸੀ ਬਲਕਿ ਸਿੱਖ ਧਰਮ ਦੀ ਪਵਿੱਤਰਤਾ ਦੀ ਰਾਖੀ ਲਈ ਇੱਕ ਅਧਿਆਤਮਿਕ ਸੱਦਾ ਸੀ।ਭਿਆਨਕ ਲੜਾਈ ਸਾਹਮਣੇ ਆਉਂਦੀ ਹੈ:ਜਿਵੇਂ ਹੀ ਸਿੱਖ ਰਖਿਅਕਾਂ ਨੇ ਹਰਿਮੰਦਰ ਸਾਹਿਬ ਦੇ ਨੇੜੇ ਹਮਲਾਵਰ ਫ਼ੌਜਾਂ ਦਾ ਸਾਹਮਣਾ ਕੀਤਾ, ਇੱਕ ਭਿਆਨਕ ਅਤੇ ਤਿੱਖੀ ਲੜਾਈ ਸ਼ੁਰੂ ਹੋ ਗਈ। ਬਾਬਾ ਦੀਪ ਸਿੰਘ ਜੀ ਨੇ ਭਾਰੀ ਔਕੜਾਂ ਦੇ ਸਾਮ੍ਹਣੇ ਬੇਮਿਸਾਲ ਬਹਾਦਰੀ ਅਤੇ ਨਿਡਰਤਾ ਦਾ ਪ੍ਰਦਰਸ਼ਨ ਕਰਦੇ ਹੋਏ ਚਾਰਜ ਦੀ ਅਗਵਾਈ ਕੀਤੀ। ਇਹ ਟਕਰਾਅ ਕੇਵਲ ਇੱਕ ਸਰੀਰਕ ਟਕਰਾਅ ਹੀ ਨਹੀਂ ਸੀ ਸਗੋਂ ਸਿੱਖ ਧਰਮ ਦੇ ਮੂਲ ਸਿਧਾਂਤਾਂ ਨੂੰ ਸੁਰੱਖਿਅਤ ਰੱਖਣ ਲਈ ਇੱਕ ਅਧਿਆਤਮਿਕ ਲੜਾਈ ਸੀ।ਬਹਾਦਰੀ ਦਾ ਕਮਾਲ ਦਾ ਕਾਰਨਾਮਾ:ਜੰਗ ਦੀ ਗਰਮੀ ਵਿੱਚ, ਬਾਬਾ ਦੀਪ ਸਿੰਘ ਜੀ ਬੇਮਿਸਾਲ ਬਹਾਦਰੀ ਨਾਲ ਲੜਦੇ ਹੋਏ, ਦੁਸ਼ਮਣ ਦੀਆਂ ਕਤਾਰਾਂ ਵਿੱਚੋਂ ਇੱਕ ਰਸਤਾ ਬਣਾਉਂਦੇ ਹੋਏ। ਹਾਲਾਂਕਿ, ਤਿੱਖੀ ਲੜਾਈ ਦੇ ਦੌਰਾਨ, ਬਾਬਾ ਦੀਪ ਸਿੰਘ ਜੀ ਦੀ ਗਰਦਨ 'ਤੇ ਗੰਭੀਰ ਸੱਟ ਲੱਗੀ, ਨਤੀਜੇ ਵਜੋਂ ਗੰਭੀਰ ਸੱਟ ਲੱਗ ਗਈ। ਇਸ ਘਾਤਕ ਜ਼ਖ਼ਮ ਦੇ ਬਾਵਜੂਦ, ਬਾਬਾ ਦੀਪ ਸਿੰਘ ਜੀ ਨੇ ਬੇਮਿਸਾਲ ਦ੍ਰਿੜਤਾ ਅਤੇ ਸੰਕਲਪ ਦਾ ਪ੍ਰਦਰਸ਼ਨ ਕੀਤਾ।

ਅਟੱਲ ਸੰਕਲਪ ਅਤੇ ਕੁਰਬਾਨੀ:ਇੱਕ ਹੱਥ ਵਿੱਚ ਕੱਟਿਆ ਹੋਇਆ ਸਿਰ ਲੈ ਕੇ ਵੀ ਬਾਬਾ ਦੀਪ ਸਿੰਘ ਜੀ ਹਰਿਮੰਦਰ ਸਾਹਿਬ ਵੱਲ ਵਧਦੇ ਰਹੇ। ਬਾਬਾ ਦੀਪ ਸਿੰਘ ਜੀ ਦਾ ਸਿਰ ਫੜ ਕੇ ਲੜਦੇ ਹੋਏ ਵੀ ਸਿੱਖ ਕੌਮ ਪ੍ਰਤੀ ਦ੍ਰਿੜ ਭਾਵਨਾ ਅਤੇ ਵਚਨਬੱਧਤਾ ਦਾ ਪ੍ਰਤੀਕ ਹੈ। ਇਹ ਉਸ ਕੁਰਬਾਨੀ ਦਾ ਇੱਕ ਸ਼ਕਤੀਸ਼ਾਲੀ ਪ੍ਰਮਾਣ ਬਣ ਗਿਆ ਹੈ ਜੋ ਵਿਸ਼ਵਾਸ ਅਤੇ ਧਾਰਮਿਕਤਾ ਦੀ ਰੱਖਿਆ ਲਈ ਕਰਨ ਲਈ ਤਿਆਰ ਹੈ।ਸਿੱਖ ਚੇਤਨਾ 'ਤੇ ਪ੍ਰਭਾਵ:ਅੰਮ੍ਰਿਤਸਰ ਦੀ ਜੰਗ ਅਤੇ ਬਾਬਾ ਦੀਪ ਸਿੰਘ ਜੀ ਦੀ ਕੁਰਬਾਨੀ ਨੇ ਸਿੱਖਾਂ ਦੀ ਸਮੂਹਿਕ ਚੇਤਨਾ ਉੱਤੇ ਅਮਿੱਟ ਛਾਪ ਛੱਡੀ। ਇਹ ਸਿੱਖਾਂ ਲਈ ਇੱਕ ਰੈਲੀ ਬਿੰਦੂ ਬਣ ਗਿਆ, ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਮੁਸੀਬਤਾਂ ਦੇ ਸਾਮ੍ਹਣੇ ਦ੍ਰਿੜਤਾ ਨਾਲ ਖੜ੍ਹੇ ਹੋਣ ਅਤੇ ਅਡੋਲ ਹਿੰਮਤ ਨਾਲ ਸਿੱਖ ਧਰਮ ਦੇ ਸਿਧਾਂਤਾਂ ਦੀ ਰੱਖਿਆ ਕਰਨ ਲਈ ਪ੍ਰੇਰਿਤ ਕਰਦਾ ਹੈ। ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤਕੁਰਬਾਨੀ ਵੱਲ ਲੈ ਜਾਣ ਵਾਲੀਆਂ ਘਟਨਾਵਾਂ:ਬਾਬਾ ਦੀਪ ਸਿੰਘ ਜੀ ਦੇ ਜੀਵਨ ਦਾ ਸਿਖਰ 1757 ਵਿਚ ਅੰਮ੍ਰਿਤਸਰ ਦੀ ਲੜਾਈ ਦੁਆਰਾ ਚਿੰਨ੍ਹਿਤ ਕੀਤਾ ਗਿਆ ਸੀ, ਜੋ ਸਿੱਖ ਇਤਿਹਾਸ ਵਿਚ ਇਕ ਨਾਜ਼ੁਕ ਮੋੜ ਸੀ। ਜਿਵੇਂ ਕਿ ਹਰਿਮੰਦਰ ਸਾਹਿਬ ਦੀ ਬੇਅਦਬੀ ਤੋਂ ਬਚਾਅ ਲਈ ਇੱਕ ਕਰੜੇ ਸੰਘਰਸ਼ ਵਿੱਚ ਲੱਗੇ ਹੋਏ ਸਨ, ਬਾਬਾ ਦੀਪ ਸਿੰਘ ਜੀ ਨੇ ਫਰਜ਼ ਦੀ ਡੂੰਘੀ ਭਾਵਨਾ ਨਾਲ, ਬੇਮਿਸਾਲ ਬਹਾਦਰੀ ਨਾਲ ਸਿੱਖ ਫੌਜਾਂ ਦੀ ਅਗਵਾਈ ਕੀਤੀ।ਤਿੱਖੀ ਲੜਾਈ ਦੇ ਦੌਰਾਨ, ਬਾਬਾ ਦੀਪ ਸਿੰਘ ਜੀ ਦੀ ਗਰਦਨ ਤੇ ਇੱਕ ਗੰਭੀਰ ਸੱਟ ਲੱਗੀ, ਇੱਕ ਜ਼ਖ਼ਮ ਜੋ ਕਿਸੇ ਵੀ ਮਿਆਰ ਦੁਆਰਾ ਘਾਤਕ ਮੰਨਿਆ ਜਾਵੇਗਾ। ਇਸ ਘਾਤਕ ਸੱਟ ਦੇ ਬਾਵਜੂਦ, ਬਾਬਾ ਦੀਪ ਸਿੰਘ ਜੀ, ਅਡੋਲ ਸੰਕਲਪ ਦੇ ਬਲ ਨਾਲ, ਹਰਿਮੰਦਰ ਸਾਹਿਬ ਵੱਲ ਵਧੇ। ਹਰ ਕਦਮ ਨਾਲ, ਉਹ ਸਿੱਖ ਧਰਮ ਪ੍ਰਤੀ ਕੁਰਬਾਨੀ ਅਤੇ ਸ਼ਰਧਾ ਦੀ ਭਾਵਨਾ ਨੂੰ ਦਰਸਾਉਂਦੇ ਹਨ।

ਸਿੱਖ ਇਤਿਹਾਸ ਦੀ ਇੱਕ ਵਿਲੱਖਣ ਹਸਤੀ ਬਾਬਾ ਦੀਪ ਸਿੰਘ ਜੀ ਨੂੰ ਮਿਲੋ। 1682 ਵਿੱਚ ਪੰਜਾਬ ਦੇ ਪਿੰਡ ਪਹੂਵਿੰਡ ਵਿੱਚ ਜਨਮੇ ਬਾਬਾ ਦੀਪ ਸਿੰਘ ਜੀ ਦਾ ਜੀਵਨ ਦ੍ਰਿੜ੍ਹ ਵਿਸ਼ਵਾਸ, ਬਹਾਦਰੀ ਅਤੇ ਕੁਰਬਾਨੀ ਦੀ ਗਾਥਾ ਹੈ।ਬਾਬਾ ਦੀਪ ਸਿੰਘ ਜੀ ਨੂੰ ਬਚਪਨ ਤੋਂ ਹੀ ਸਿੱਖ ਧਰਮ ਬਾਰੇ ਜਾਣਨਾ ਪਸੰਦ ਸੀ। ਇੱਕ ਅਜਿਹੇ ਪਰਿਵਾਰ ਵਿੱਚ ਵੱਡੇ ਹੋਏ ਜੋ ਵਿਸ਼ਵਾਸ ਦੀ ਕਦਰ ਕਰਦੇ ਹਨ, ਉਹਨਾਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਨ ਅਤੇ ਸਮਝਣ ਵਿੱਚ ਬਹੁਤ ਸਮਾਂ ਬਿਤਾਇਆ, ਜੋ ਕਿ ਸਿੱਖਾਂ ਲਈ ਮਹੱਤਵਪੂਰਨ ਗ੍ਰੰਥ ਹੈ। ਜਿਵੇਂ-ਜਿਵੇਂ ਉਹ ਵੱਡੇ ਹੁੰਦੇ ਗਏ, ਸਾਰਿਆਂ ਨਾਲ ਬਰਾਬਰ ਦਾ ਵਿਹਾਰ ਕਰਨ, ਨਿਆਂ ਦੀ ਮੰਗ ਕਰਨ ਅਤੇ ਦੂਜਿਆਂ ਦੀ ਮਦਦ ਕਰਨ ਦੀ ਉਨ੍ਹਾਂ ਦੀ ਵਚਨਬੱਧਤਾ ਉਨ੍ਹਾਂ ਦੇ ਜੀਵਨ ਦੇ ਮਾਰਗਦਰਸ਼ਕ ਸਿਧਾਂਤ ਬਣ ਗਏ।ਬਾਬਾ ਦੀਪ ਸਿੰਘ ਜੀ ਨੇ ਸਿੱਖ ਕੌਮ ਵਿੱਚ ਸਿੱਖਿਆ ਅਤੇ ਅਧਿਆਤਮਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਪਰ ਅਸਲ ਵਿੱਚ ਜੋ ਗੱਲ ਸਾਹਮਣੇ ਆਉਂਦੀ ਹੈ ਉਹ ਹੈ ਔਖੇ ਸਮੇਂ ਵਿੱਚ ਸਿੱਖ ਧਰਮ ਦੀ ਰੱਖਿਆ ਕਰਨ ਵਿੱਚ ਉਨ੍ਹਾਂ ਦੀ ਬਹਾਦਰੀ। 1757 ਵਿਚ ਅੰਮ੍ਰਿਤਸਰ ਦੀ ਲੜਾਈ ਵਿਚ, ਬਾਬਾ ਦੀਪ ਸਿੰਘ ਜੀ ਗੰਭੀਰ ਸੱਟ ਲੱਗਣ ਦੇ ਬਾਵਜੂਦ, ਇਕ ਹੱਥ ਵਿਚ ਸਿਰ ਫੜ ਕੇ ਲੜਦੇ ਰਹੇ।ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਕੁਰਬਾਨੀ ਇੱਕ ਸ਼ਕਤੀਸ਼ਾਲੀ ਕਹਾਣੀ ਹੈ ਜੋ ਦੁਨੀਆ ਭਰ ਦੇ ਸਿੱਖਾਂ ਨੂੰ ਪ੍ਰੇਰਿਤ ਕਰਦੀ ਹੈ। ਇਹ ਉਨ੍ਹਾਂ ਨੂੰ ਧਰਮੀ, ਨਿਡਰ ਅਤੇ ਦਿਆਲੂ ਹੋਣਾ ਸਿਖਾਉਂਦਾ ਹੈ। ਜਿਵੇਂ ਕਿ ਅਸੀਂ ਇਸ ਸਤਿਕਾਰਤ ਸ਼ਖਸੀਅਤ ਦੇ ਜੀਵਨ ਦੀ ਪੜਚੋਲ ਕਰਦੇ ਹਾਂ, ਅਸੀਂ ਤਾਕਤ, ਅਧਿਆਤਮਿਕਤਾ, ਅਤੇ ਇੱਕ ਅਜਿੱਤ ਭਾਵਨਾ ਦੀ ਕਹਾਣੀ ਨੂੰ ਉਜਾਗਰ ਕਰਦੇ ਹਾਂ ਜੋ ਹਰ ਥਾਂ ਸਿੱਖਾਂ ਲਈ ਮਾਰਗ ਨੂੰ ਰੌਸ਼ਨ ਕਰਦਾ ਹੈ। ਜਨਮ ਅਤੇ ਪਰਿਵਾਰ:ਬਾਬਾ ਦੀਪ ਸਿੰਘ ਜੀ, ਇੱਕ ਸਤਿਕਾਰਯੋਗ ਸਿੱਖ ਸ਼ਖਸੀਅਤ, 1682 ਵਿੱਚ ਪਿੰਡ ਪਹੂਵਿੰਡ ਵਿੱਚ ਪੈਦਾ ਹੋਏ ਸਨ। ਉਹਨਾਂ ਦੇ ਮਾਤਾ-ਪਿਤਾ, ਭਾਈ ਭਗਤੂ ਜੀ ਅਤੇ ਮਾਤਾ ਜੀਓਨੀ ਜੀ ਸ਼ਰਧਾਵਾਨ ਸਿੱਖ ਸਨ ਜਿਹਨਾਂ ਨੇ ਉਹਨਾਂ ਦੇ ਸ਼ੁਰੂਆਤੀ ਜੀਵਨ ਨੂੰ ਢਾਲਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਪਹੂਵਿੰਡ, ਬਾਅਦ ਵਿੱਚ ਇੱਕ ਮਹੱਤਵਪੂਰਨ ਤੀਰਥ ਅਸਥਾਨ, ਬਾਬਾ ਦੀਪ ਸਿੰਘ ਜੀ ਦੇ ਇਸ ਨਾਲ ਜੁੜੇ ਹੋਣ ਕਾਰਨ ਦੁਨੀਆ ਭਰ ਦੇ ਸਿੱਖਾਂ ਲਈ ਸ਼ਰਧਾ ਦਾ ਸਥਾਨ ਬਣ ਗਿਆ।ਅਧਿਆਤਮਿਕ ਤੌਰ 'ਤੇ ਖੁਸ਼ਹਾਲ ਵਾਤਾਵਰਣ ਵਿੱਚ ਵੱਡੇ ਹੋਏ, ਬਾਬਾ ਦੀਪ ਸਿੰਘ ਜੀ ਨੇ ਆਪਣੇ ਪਰਿਵਾਰ ਤੋਂ ਸਿੱਖ ਧਰਮ ਦੇ ਸਿਧਾਂਤਾਂ ਨੂੰ ਗ੍ਰਹਿਣ ਕੀਤਾ। ਉਨ੍ਹਾਂ ਦੀਆਂ ਸਿੱਖਿਆਵਾਂ ਨੇ ਦਇਆ, ਮਨੁੱਖਤਾ ਦੀ ਸੇਵਾ, ਅਤੇ ਸਿੱਖ ਗੁਰੂਆਂ ਵਿੱਚ ਅਟੁੱਟ ਵਿਸ਼ਵਾਸ 'ਤੇ ਜ਼ੋਰ ਦਿੱਤਾ।ਅਧਿਆਤਮਿਕ ਪ੍ਰਭਾਵ:ਆਪਣੇ ਸ਼ੁਰੂਆਤੀ ਸਾਲਾਂ ਦੌਰਾਨ, ਬਾਬਾ ਦੀਪ ਸਿੰਘ ਜੀ ਸਿੱਖ ਗੁਰੂਆਂ, ਖਾਸ ਕਰਕੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿੱਖਿਆਵਾਂ ਤੋਂ ਬਹੁਤ ਪ੍ਰਭਾਵਿਤ ਹੋਏ ਸਨ। ਨਿਆਂਪੂਰਨ ਸਮਾਜ ਦੀ ਸਿਰਜਣਾ ਅਤੇ ਨਿਰਸਵਾਰਥ ਸੇਵਾ ਲਈ ਸਮਰਪਿਤ ਸਮਾਜ, ਖਾਲਸੇ ਦੀ ਸਥਾਪਨਾ ਦੇ ਗੁਰੂ ਦੇ ਦਰਸ਼ਨ ਨੇ ਬਾਬਾ ਦੀਪ ਸਿੰਘ ਜੀ ਦੀ ਚੇਤਨਾ 'ਤੇ ਅਮਿੱਟ ਛਾਪ ਛੱਡੀ।ਬਾਬਾ ਦੀਪ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨ ਲਈ, ਪਵਿੱਤਰ ਗ੍ਰੰਥਾਂ ਵਿੱਚ ਸ਼ਾਮਲ ਅਧਿਆਤਮਿਕ ਗਿਆਨ ਨੂੰ ਖੋਜਣ ਵਿੱਚ ਕਾਫ਼ੀ ਸਮਾਂ ਬਿਤਾਇਆ। ਸਿੱਖ ਫ਼ਲਸਫ਼ੇ ਵਿਚ ਇਹ ਡੂੰਘੀ ਡੁੱਬਣ ਉਸ ਦੀ ਅਧਿਆਤਮਿਕ ਪਛਾਣ ਦਾ ਆਧਾਰ ਬਣ ਗਈ, ਜਿਸ ਨੇ ਉਸ ਨੂੰ ਧਾਰਮਿਕਤਾ ਅਤੇ ਮਨੁੱਖਤਾ ਦੀ ਸੇਵਾ ਦੇ ਮਾਰਗ 'ਤੇ ਸੇਧ ਦਿੱਤੀ।ਸ਼ੁਰੂਆਤੀ ਅਧਿਆਤਮਿਕ ਯਾਤਰਾ:ਜਿਵੇਂ-ਜਿਵੇਂ ਬਾਬਾ ਦੀਪ ਸਿੰਘ ਜੀ ਪਰਿਪੱਕ ਹੁੰਦੇ ਗਏ, ਸਿੱਖ ਅਭਿਆਸਾਂ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਡੂੰਘੀ ਹੁੰਦੀ ਗਈ। ਸਿਮਰਨ, ਪ੍ਰਾਰਥਨਾ ਅਤੇ ਨਿਰਸਵਾਰਥ ਸੇਵਾ ਵਿੱਚ ਰੁੱਝੇ ਹੋਏ, ਉਸਨੇ ਬ੍ਰਹਮ ਨਾਲ ਇੱਕ ਡੂੰਘਾ ਸਬੰਧ ਪੈਦਾ ਕੀਤਾ। ਇਸ ਸ਼ੁਰੂਆਤੀ ਅਧਿਆਤਮਿਕ ਯਾਤਰਾ ਨੇ ਨਾ ਸਿਰਫ਼ ਉਸਦੇ ਨਿੱਜੀ ਵਿਸ਼ਵਾਸ ਨੂੰ ਮਜ਼ਬੂਤ ਕੀਤਾ ਬਲਕਿ ਸਿੱਖ ਧਰਮ ਦੇ ਇੱਕ ਮਜ਼ਬੂਤ ਰਖਵਾਲਾ ਵਜੋਂ ਉਸਦੀ ਭਵਿੱਖੀ ਭੂਮਿਕਾ ਲਈ ਆਧਾਰ ਵੀ ਬਣਾਇਆ।ਉਨ੍ਹਾਂ ਦੇ ਪਾਲਣ-ਪੋਸ਼ਣ ਦੌਰਾਨ ਪੈਦਾ ਹੋਈਆਂ ਕਦਰਾਂ-ਕੀਮਤਾਂ, ਅਮੀਰ ਅਧਿਆਤਮਿਕ ਪ੍ਰਭਾਵਾਂ ਦੇ ਨਾਲ, ਬਾਬਾ ਦੀਪ ਸਿੰਘ ਜੀ ਨੂੰ ਨੇਕੀ ਅਤੇ ਲਚਕੀਲੇਪਣ ਦੇ ਪ੍ਰਤੀਕ ਵਜੋਂ ਢਾਲਿਆ ਗਿਆ। ਸਿੱਖ ਸਿਧਾਂਤਾਂ ਦੀ ਡੂੰਘੀ ਸਮਝ ਅਤੇ ਇੱਕ ਮਜ਼ਬੂਤ ਅਧਿਆਤਮਿਕ ਬੁਨਿਆਦ ਦੁਆਰਾ ਦਰਸਾਈ ਗਈ ਉਸ ਦੀ ਸ਼ੁਰੂਆਤੀ ਜ਼ਿੰਦਗੀ ਨੇ ਆਉਣ ਵਾਲੇ ਸਾਲਾਂ ਵਿੱਚ ਸਿੱਖ ਇਤਿਹਾਸ ਵਿੱਚ ਕੀਤੇ ਅਸਾਧਾਰਣ ਯੋਗਦਾਨ ਲਈ ਰਾਹ ਪੱਧਰਾ ਕੀਤਾ।ਸਿੱਖਿਆ, ਅਧਿਆਤਮਿਕਤਾ ਅਤੇ ਏਕਤਾ ਨੂੰ ਉਤਸ਼ਾਹਿਤ ਕਰਨਾ:ਬਾਬਾ ਦੀਪ ਸਿੰਘ ਜੀ ਦਾ ਸਿੱਖ ਕੌਮ ਲਈ ਯੋਗਦਾਨ ਬਹੁਪੱਖੀ ਸੀ ਅਤੇ ਸਿੱਖ ਪੰਥ ਉੱਤੇ ਸਦੀਵੀ ਪ੍ਰਭਾਵ ਛੱਡਿਆ। ਬਾਬਾ ਦੀਪ ਸਿੰਘ ਜੀ ਨੇ ਜਿਨ੍ਹਾਂ ਪ੍ਰਮੁੱਖ ਖੇਤਰਾਂ ਵਿੱਚ ਮਹੱਤਵਪੂਰਨ ਤਬਦੀਲੀ ਕੀਤੀ, ਉਨ੍ਹਾਂ ਵਿੱਚੋਂ ਇੱਕ ਸਿੱਖਿਆ ਦਾ ਪ੍ਰਚਾਰ ਸੀ। ਗਿਆਨ ਦੀ ਪਰਿਵਰਤਨਸ਼ੀਲ ਸ਼ਕਤੀ ਨੂੰ ਪਛਾਣਦੇ ਹੋਏ, ਉਸਨੇ ਸਿੱਖ ਭਾਈਚਾਰੇ ਦੇ ਅੰਦਰ ਵਿਦਿਅਕ ਪਹਿਲਕਦਮੀਆਂ ਦੀ ਸਰਗਰਮੀ ਨਾਲ ਵਕਾਲਤ ਕੀਤੀ। ਸਿੱਖਿਆ 'ਤੇ ਇਸ ਜ਼ੋਰ ਦਾ ਉਦੇਸ਼ ਅਧਿਆਤਮਿਕ ਬੁੱਧੀ ਅਤੇ ਦੁਨਿਆਵੀ ਗਿਆਨ ਦੋਵਾਂ ਨਾਲ ਵਿਅਕਤੀਆਂ ਨੂੰ ਸ਼ਕਤੀ ਪ੍ਰਦਾਨ ਕਰਨਾ ਹੈ, ਸਿੱਖ ਸਿਧਾਂਤਾਂ ਨਾਲ ਮੇਲ ਖਾਂਦਾ ਇੱਕ ਸੰਪੂਰਨ ਵਿਕਾਸ ਨੂੰ ਉਤਸ਼ਾਹਿਤ ਕਰਨਾ।ਅਧਿਆਤਮਿਕਤਾ ਬਾਬਾ ਦੀਪ ਸਿੰਘ ਜੀ ਦੇ ਮਿਸ਼ਨ ਦਾ ਧੁਰਾ ਸੀ। ਉਨ੍ਹਾਂ ਦੀਆਂ ਸਿੱਖਿਆਵਾਂ ਨੇ ਗੁਰੂ ਗ੍ਰੰਥ ਸਾਹਿਬ ਨਾਲ ਡੂੰਘੇ ਸਬੰਧ ਅਤੇ ਰੋਜ਼ਾਨਾ ਜੀਵਨ ਵਿੱਚ ਸਿੱਖ ਕਦਰਾਂ-ਕੀਮਤਾਂ ਦੀ ਵਿਹਾਰਕ ਵਰਤੋਂ 'ਤੇ ਜ਼ੋਰ ਦਿੱਤਾ। ਪ੍ਰਵਚਨਾਂ, ਲਿਖਤਾਂ ਅਤੇ ਨਿੱਜੀ ਉਦਾਹਰਣਾਂ ਰਾਹੀਂ, ਬਾਬਾ ਦੀਪ ਸਿੰਘ ਜੀ ਨੇ ਦੂਜਿਆਂ ਨੂੰ ਅਧਿਆਤਮਿਕਤਾ ਨਾਲ ਭਰਪੂਰ ਜੀਵਨ ਜਿਊਣ ਲਈ ਪ੍ਰੇਰਿਤ ਕੀਤਾ, ਸਿਮਰਨ, ਸਵੈ-ਅਨੁਸ਼ਾਸਨ ਅਤੇ ਦਿਆਲੂ ਜੀਵਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਏਕਤਾ ਬਾਬਾ ਦੀਪ ਸਿੰਘ ਜੀ ਦੇ ਸਿੱਖ ਪੰਥ ਲਈ ਸੰਕਲਪ ਦਾ ਇੱਕ ਹੋਰ ਅਧਾਰ ਸੀ। ਬਾਹਰੀ ਚੁਣੌਤੀਆਂ ਅਤੇ ਅੰਦਰੂਨੀ ਵੰਡਾਂ ਦੁਆਰਾ ਚਿੰਨ੍ਹਿਤ ਸਮੇਂ ਵਿੱਚ, ਉਸਨੇ ਸਿੱਖਾਂ ਵਿੱਚ ਏਕਤਾ ਵਧਾਉਣ ਲਈ ਅਣਥੱਕ ਕੰਮ ਕੀਤਾ। ਇੱਕ ਸੰਯੁਕਤ ਭਾਈਚਾਰੇ ਦੀ ਤਾਕਤ ਵਿੱਚ ਵਿਸ਼ਵਾਸ ਕਰਦੇ ਹੋਏ, ਬਾਬਾ ਦੀਪ ਸਿੰਘ ਜੀ ਨੇ ਪਾੜੇ ਨੂੰ ਦੂਰ ਕਰਨ, ਝਗੜਿਆਂ ਨੂੰ ਸੁਲਝਾਉਣ ਅਤੇ ਖੇਤਰੀ ਜਾਂ ਨਿੱਜੀ ਮਤਭੇਦਾਂ ਤੋਂ ਪਰੇ ਇੱਕ ਇਕਸੁਰ ਸਿੱਖ ਪਛਾਣ ਬਣਾਉਣ ਦਾ ਯਤਨ ਕੀਤਾ।ਸਿੱਖ ਪੰਥ ਦੀ ਅਗਵਾਈ:ਬਾਬਾ ਦੀਪ ਸਿੰਘ ਜੀ ਸਿੱਖ ਸਿਧਾਂਤਾਂ ਪ੍ਰਤੀ ਆਪਣੀ ਅਟੁੱਟ ਵਚਨਬੱਧਤਾ ਅਤੇ ਕੌਮ ਦੀ ਨਿਰਸਵਾਰਥ ਸੇਵਾ ਕਰਕੇ ਸਿੱਖ ਪੰਥ ਅੰਦਰ ਇੱਕ ਸਤਿਕਾਰਤ ਆਗੂ ਵਜੋਂ ਉਭਰੇ। ਇੱਕ ਆਗੂ ਵਜੋਂ, ਉਹਨਾਂ ਨੇ ਚੁਣੌਤੀ ਭਰੇ ਸਮਿਆਂ ਵਿੱਚ ਸਿੱਖ ਕੌਮ ਦਾ ਮਾਰਗਦਰਸ਼ਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ।ਬਾਬਾ ਦੀਪ ਸਿੰਘ ਜੀ ਦੀ ਅਗਵਾਈ ਸ਼ਬਦਾਂ ਤੋਂ ਪਰੇ ਹੈ; ਇਹ ਉਹਨਾਂ ਦੀਆਂ ਕਾਰਵਾਈਆਂ ਦੁਆਰਾ ਮਿਸਾਲ ਦਿੱਤੀ ਗਈ ਸੀ। ਉਹ ਸਿੱਖ ਕਦਰਾਂ-ਕੀਮਤਾਂ 'ਤੇ ਆਧਾਰਿਤ ਮਾਰਗਦਰਸ਼ਨ ਅਤੇ ਸਲਾਹ ਪੇਸ਼ ਕਰਦੇ ਹੋਏ, ਫੈਸਲੇ ਲੈਣ ਦੀਆਂ ਪ੍ਰਕਿਰਿਆਵਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਂਦੇ ਸਨ। ਉਹਨਾਂ ਦੀ ਅਗਵਾਈ ਸ਼ੈਲੀ ਸਮਾਵੇਸ਼ੀ ਸੀ, ਜਿਸਦਾ ਉਦੇਸ਼ ਸਮੂਹਿਕ ਫੈਸਲੇ ਲੈਣ ਅਤੇ ਸ਼ਾਸਨ ਵਿੱਚ ਸਿੱਖ ਭਾਈਚਾਰੇ ਦੇ ਸਾਰੇ ਵਰਗਾਂ ਨੂੰ ਸ਼ਾਮਲ ਕਰਨਾ ਸੀ।

ਸੰਸਥਾਵਾਂ ਦੀ ਸਥਾਪਨਾ:ਹਾਲਾਂਕਿ ਬਾਬਾ ਦੀਪ ਸਿੰਘ ਜੀ ਦੁਆਰਾ ਸਿੱਧੇ ਤੌਰ 'ਤੇ ਸਥਾਪਿਤ ਸੰਸਥਾਵਾਂ ਬਾਰੇ ਵਿਸ਼ੇਸ਼ ਵੇਰਵੇ ਬਹੁਤ ਘੱਟ ਹੋ ਸਕਦੇ ਹਨ, ਉਨ੍ਹਾਂ ਦੇ ਪ੍ਰਭਾਵ ਨੇ ਬਿਨਾਂ ਸ਼ੱਕ ਸਿੱਖ ਸੰਸਥਾਵਾਂ ਦੀ ਸਥਾਪਨਾ ਅਤੇ ਮਜ਼ਬੂਤੀ ਵਿੱਚ ਯੋਗਦਾਨ ਪਾਇਆ। ਬਾਬਾ ਦੀਪ ਸਿੰਘ ਜੀ ਨੇ ਸਮਾਜ ਭਲਾਈ, ਸਿੱਖਿਆ ਅਤੇ ਅਧਿਆਤਮਿਕਤਾ ਦੀ ਭਾਵਨਾ ਦਾ ਪ੍ਰਚਾਰ ਕੀਤਾ ਸੀ, ਸੰਭਾਵਤ ਤੌਰ 'ਤੇ ਸਿੱਖ ਸੰਸਥਾਵਾਂ ਦੀ ਸਿਰਜਣਾ ਅਤੇ ਪਾਲਣ-ਪੋਸ਼ਣ ਵਿੱਚ ਭੂਮਿਕਾ ਨਿਭਾਈ ਸੀ ਜੋ ਸਮੇਂ ਦੇ ਨਾਲ ਕਾਇਮ ਹਨ।ਸੰਖੇਪ ਰੂਪ ਵਿੱਚ, ਸਿੱਖ ਪੰਥ ਵਿੱਚ ਬਾਬਾ ਦੀਪ ਸਿੰਘ ਜੀ ਦੀ ਭੂਮਿਕਾ ਵਿਅਕਤੀਗਤ ਕਾਰਵਾਈਆਂ ਤੋਂ ਪਰੇ ਹੈ; ਇਹ ਸਿੱਖਿਆ, ਅਧਿਆਤਮਿਕਤਾ ਅਤੇ ਏਕਤਾ ਵਿੱਚ ਜੜ੍ਹਾਂ ਵਾਲੀ ਇੱਕ ਸਮੂਹਿਕ ਸਿੱਖ ਪਛਾਣ ਨੂੰ ਰੂਪ ਦੇਣ ਬਾਰੇ ਸੀ। ਉਨ੍ਹਾਂ ਦੀ ਲੀਡਰਸ਼ਿਪ ਨੇ ਸਿੱਖ ਕੌਮ 'ਤੇ ਅਮਿੱਟ ਛਾਪ ਛੱਡੀ, ਨਾ ਸਿਰਫ਼ ਉਨ੍ਹਾਂ ਦੇ ਸਮਕਾਲੀ ਸਾਥੀਆਂ ਨੂੰ ਪ੍ਰਭਾਵਿਤ ਕੀਤਾ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਪ੍ਰੇਰਿਤ ਕੀਤਾ।